ੴ ਵਾਹਿਗੁਰੂ ਜੀ ਕੀ ਫ਼ਤਹ ॥

ਸਿੰਘਾਂ ਦਾ ਪੰਥ ਨਿਰਾਲਾ

ਲਿਖਤ :

ਭਾਈ ਸਾਹਿਬ ਰਣਧੀਰ ਸਿੰਘ

ੴ
ਏਕੋ ਜਪਿ ਏਕੋ ਸਾਲਾਹਿ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਮੁੱਲ : 2-00

੧ ੴ ਵਾਹਿਗੁਰੂ ਜੀ ਕੀ ਫਤਹ ॥

ਸਿੰਘਾਂ ਦਾ ਪੰਥ ਨਿਰਾਲਾ

ਲੇਖਕ

ਭਾਈ ਸਾਹਿਬ ਰਣਧੀਰ ਸਿੰਘ ਜੀ

ਪ੍ਰਕਾਸ਼ਕ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

੨੩-ਜੀ, ਸਰਾਭਾ ਨਗਰ, ਲੁਧਿਆਣਾ

ਅਠਵੀਂ ਵਾਰ ਜੁਲਾਈ ੧੯੭੭
ਨੌਵੀਂ ਵਾਰ ਅਕਤੂਬਰ ੧੯੮੪
ਦਸਵੀਂ ਵਾਰ ਅਕਤੂਬਰ ੧੯੮੫
੧੧ਵਾਂ ਵਾਰ ਜਨਵਰੀ ੧੯੯੦
੧੨ਵੀਂ ਵਾਰ ਜੁਲਾਈ ੧੯੯੪

ਛਾਪਕ :
ਪ੍ਰਿੰਟਵੈਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਮੁਖ-ਬਚਨ

ਭਾਈ ਸਾਹਿਬ ਰਣਧੀਰ ਸਿੰਘ ਜੀ ਗੁਰਮਤਿ ਨਾਮ, ਗੁਰਬਾਣੀ ਦੇ ਸਿਮਰਨ ਤੇ ਸਿਖ ਰਹਿਤ ਮਰਯਾਦਾ ਦੀ ਧਾਰਨਾ ਦੇ ਅਮਲੀ ਜੀਵਨ ਵਾਲੇ ਸਜਣ ਹਨ। ਇਨ੍ਹਾਂ ਦੀਆਂ ਪੁਸਤਕਾਂ ਵਿਚੋਂ ਨਾਮ-ਬਾਣੀ ਦੀ ਵਿਆਖਿਆ ਪੜ੍ਹ ਕੇ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਦਾ ਪਤਾ ਲਗਦਾ ਹੈ। ਜਿਸ ਤੋਂ ਸਿਖੀ ਪਰ ਸਿਦਕ ਭਰੋਸਾ ਦ੍ਰਿੜ੍ਹ ਹੁੰਦਾ ਹੈ।

ਆਪ ਦੀ ਪੁਸਤਕ 'ਗੁਰਮਤਿ ਬਿਬੇਕ' ਵਿਚ ਆਪ ਨੇ 'ਸਿਮਰਨ ਬਿਬੇਕ' ਤੇ 'ਰਹਿਤ ਬਿਬੇਕ' ਦਾ ਬੜੇ ਵਿਸਥਾਰ ਨਾਲ ਨਿਰਨਾ ਕੀਤਾ ਹੈ, ਜਿਸ ਵਿਚ ਸਿਮਰਨ ਤੋਂ ਬਿਨਾਂ ਖ਼ਾਲਸਾ ਰਹਿਤ ਮਰਯਾਦਾ ਦੇ ਧਾਰਨੀ ਹੋਣ ਦੀ ਵਿਸ਼ੇਸ਼ਤਾ ਖ਼ਾਸ ਤੌਰ ਪਰ ਪ੍ਰਗਟ ਕੀਤੀ ਹੈ।

ਹੁਣ ਇਸ ਪੁਸਤਕ 'ਸਿੰਘਾਂ ਦਾ ਪੰਥ ਨਿਰਾਲਾ' ਵਿਚ ਆਪ ਨੇ ਦਸਿਆ ਹੈ ਕਿ ਸਿੰਘਾਂ ਵਾਂਗ ਸਿੰਘਣੀਆਂ ਨੂੰ ਭੀ ਪੂਰੇ ਰਹਿਤਵਾਨ ਹੋਣ ਲਈ ਜ਼ਰੂਰੀ ਹੈ ਕਿ ਕੇਸਕੀ (ਦਸਤਾਰ) ਪੰਜਵਾਂ ਕਕਾਰ ਸਮਝ ਕੇ ਸਜਾਇਆ ਕਰਨ। ਕਿਉਂਕਿ ਕੇਸਾਂ ਦੀ ਸੰਭਾਲ ਲਈ ਤੇ ਹਰ ਰੋਜ਼ ਕੰਘਾ ਕਰਨ ਆਦਿ ਨੂੰ ਮੁਖ ਰਖ ਕੇ ਐਸਾ ਕਰਨਾ ਜ਼ਰੂਰੀ ਹੈ। ਸਿੰਘਣੀਆਂ ਲਈ ਦਸਤਾਰ ਸਜਾਉਣੀ ਮਾਈ ਭਾਗੋ ਆਦਿ ਵਾਂਗ ਪੁਰਾਤਨ ਸਿੰਘਣੀਆਂ ਵਾਲੀ ਰਹਿਤ ਮਰਯਾਦਾ ਦੇ ਪੂਰਨੇ ਪਾਉਣ ਵਾਲੀ ਨਜ਼ੀਰ ਨੂੰ ਬਰਕਰਾਰ ਰਖਣਾ ਹੈ।

ਆਪ ਨੇ ਇਸ ਸਬੰਧ ਵਿਚ ਮਿ: ਕਨਿੰਘਮ ਦੀ ਤਾਰੀਖ਼ ਦਾ ਹਵਾਲਾ ਦੇ ਕੇ ਸਿਧ ਕੀਤਾ ਹੈ ਕਿ ਪੁਰਾਣੇ ਵਕਤਾਂ ਵਿਚ ਸਿੰਘਣੀਆਂ ਦਸਤਾਰ ਸਜਾਇਆ ਕਰਦੀਆਂ ਸਨ ਤੇ ਦਸਤਾਰ ਸਜਾਉਣੀ ਖ਼ਾਲਸਈ ਰਹਿਤ ਦਾ ਅੰਗ ਹੈ। ਇਸ ਪੁਸਤਕ ਵਿਚ ਫ਼ੈਸ਼ਨ-ਪ੍ਰਸਤੀ ਦੇ ਭੈੜ, ਪਿਆਰ-ਵਿਆਹਾਂ ਦੇ ਔਗਣ, ਦਾੜ੍ਹੀ ਕੇਸਾਂ ਦੇ ਕਤਰਾਉਣ ਦੇ ਕੋਝੇ ਰਿਵਾਜਾਂ ਦੀ ਨਿਖੇਧੀ ਕੀਤੀ ਹੈ।

ਆਸ ਹੈ ਕਿ ਪਾਠਕ ਪੁਸਤਕ ਪੜ੍ਹ ਕੇ ਭਾਈ ਸਾਹਿਬ ਵਲੋਂ ਪ੍ਰਗਟ ਕੀਤੇ ਵਿਚਾਰਾਂ ਤੋਂ ਲਾਭ ਉਠਾਉਣਗੇ।

੧ ਅਪਰੈਲ, ੧੯੫੧ ਨਾਹਰ ਸਿੰਘ ਗਿਆਨੀ

ਏ ਸਰੀਰਾ ਮੇਰਿਆ

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ
ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ
ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥

[ਰਾਮਕਲੀ ਮਹਲਾ ੩, ਅਨੰਦੁ]

ਖ਼ਾਲਸਾ ਜੀ ਦਾ ਨਿਰਾਲਾ-ਪਣ

ਸਿੰਘਾਂ ਦਾ ਪੰਥ ਨਿਰਾਲਾ, ਖ਼ਾਲਸਈ ਸਿੰਘਤ ਅੰਸ ਨਿਰਾਲਾ, ਖ਼ਾਲਸਾ ਜੀ ਦਾ ਬੰਸ ਨਿਰਾਲਾ, ਖ਼ਾਲਸਾ ਜੀ ਦੀ ਕੌਮੀਅਤ ਵਿਲੱਖਨ, ਖ਼ਾਲਸਾ ਜੀ ਦੀ ਪੰਥੌਮੀਅਤ ਬਿਚੱਖਨ, ਖ਼ਾਲਸਾ ਜੀ ਦਾ ਤੇਜ ਨਿਰਾਲਾ, ਖ਼ਾਲਸਾ ਜੀ ਦਾ ਜੋਤਿ-ਰੂਪੰਜ ਨਿਰਾਲਾ, ਖ਼ਾਲਸਾ ਜੀ ਦਾ ਵੇਸ ਨਿਰਾਲਾ, ਭੇਸ ਨਿਰਾਲਾ, ਆਵੇਸ ਆਦੇਸ ਨਿਰਾਲਾ, ਖ਼ਾਲਸਾ ਜੀ ਦਾ ਬੋਲ ਬਾਲਾ, ਖ਼ਾਲਸਾ ਜੀ ਦਾ ਜੈ ਜੈ ਕਾਰ ਖ਼ਾਲਸਾਲਾ, ਖ਼ਾਲਸਾ ਜੀ ਦਾ ਖ਼ਾਲਸੱਤ ਨਿਰਾਲਾ, ਖ਼ਾਲਸਾ ਜੀ ਦਾ ਤੇਜ ਤੱਤ ਨਿਰਾਲਾ, ਖ਼ਾਲਸਾ ਜੀ ਦਾ ਸ਼ਾਂਤ ਬੀਰੱਤ ਨਿਰਾਲਾ, ਖ਼ਾਲਸਾ ਜੀ ਦਾ ਤੱਤ ਔਜੱਤ ਜੋਸ਼ ਨਿਰਾਲਾ, ਖ਼ਾਲਸਾ ਜੀ ਦਾ ਹੁਸ਼ਿਆਰ ਮਸਤਹੋਸ਼ ਨਿਰਾਲਾ, ਖ਼ਾਲਸਾ ਜੀ ਦਾ ਖਸੱਮਤ ਨਿਰਾਲਾ, ਖ਼ਾਲਸਾ ਜੀ ਦਾ ਗੰਭੀਰਤ ਨਿਰਾਲਾ, ਖ਼ਾਲਸਾ ਜੀ ਦਾ ਚੋਹਰੱਤ ਨਿਰਾਲਾ, ਖ਼ਾਲਸਾ ਜੀ ਦਾ ਨੂਰਤ ਨਿਰਾਲਾ, ਖ਼ਾਲਸਾ ਜੀ ਦਾ ਜਲਾਲ ਨਿਰਾਲਾ, ਖ਼ਾਲਸਾ ਜੀ ਦਾ ਸੂਰੱਤ ਨਿਰਾਲਾ, ਖ਼ਾਲਸਾ ਜੀ ਦਾ ਹਸ਼ਮਤ ਜਾਹੋ-ਜਬ੍ਹਾ ਨਿਰਾਲਾ, ਖ਼ਾਲਸਾ ਜੀ ਦਾ ਪਰੱਤਵ ਨਿਰਾਲਾ, ਖ਼ਾਲਸਾ ਜੀ ਦਾ ਸ਼ਖਸੀਅਤਪੁਣਾ ਨਿਰਾਲਾ, ਖ਼ਾਲਸਾ ਜੀ ਦਾ ਦਬਦਬਾ ਨਿਰਾਲਾ, ਖ਼ਾਲਸਾ ਜੀ ਦੀ ਆਨ ਸ਼ਾਨ ਨਿਰਾਲੀ, ਖ਼ਾਲਸਾ ਜੀ ਦੀ ਰਹਿਤ-ਰੁਹਜਾਨ ਨਿਰਾਲੀ, ਖ਼ਾਲਸਾ ਜੀ ਦੀ ਰਸਥੀਰ ਧੀਰ ਨਿਰਾਲੀ, ਖ਼ਾਲਸਾ ਜੀ ਦੀ ਸ਼ਾਂਤਮਤੀਰ ਨਿਰਾਲੀ, ਖ਼ਾਲਸਾ ਜੀ ਦਾ ਉੱਚ ਮਤਾ ਨਿਰਾਲਾ, ਖ਼ਾਲਸਾ ਜੀ ਦਾ ਮਰਣਗਤਾ ਨਿਰਾਰਾ, ਖ਼ਾਲਸਾ ਜੀ ਦੀ ਮੌਜ ਮਸਤੌਜ ਨਿਰਾਲੀ, ਖ਼ਾਲਸਾ ਜੀ ਦੀ ਆਤਮ-ਔਜ ਨਿਰਾਲੀ, ਖ਼ਾਲਸਾ ਜੀ ਦਾ ਜੈਕਾਰਾ ਗੱਜ-ਗਜਾਲਾ, ਖ਼ਾਲਸਾ ਜੀ ਦਾ ਜਿਗਰਾ ਜੱਗ ਜੱਗਾਲਾ, ਖ਼ਾਲਸਾ ਜੀ ਦਾ ਮਸਤਕ ਦੱਗ-ਦਗਾਲਾ, ਖ਼ਾਲਸਾ ਜੀ ਦਾ ਜਬ੍ਹਾ ਚੜ੍ਹਦੀ ਕਲਾ ਵਾਲਾ, ਖ਼ਾਲਸਾ ਜੀ ਦਾ ਚੋਹਨ ਚੱਕਰ ਨਿਰਾਲਾ, ਖ਼ਾਲਸਾ ਜੀ ਦਾ ਬਿਜੈ ਨਿਸ਼ਾਨ ਨਿਰਾਲਾ,

ਖ਼ਾਲਸਾ ਜੀ ਦਾ ਅਕਾਲ-ਜਜ਼ਬਾ ਨਿਰਾਲਾ, ਖ਼ਾਲਸਾ ਜੀ ਦਾ ਅਕਾਲੀ ਨਾਅਰਾ ਨਿਰਾਲਾ, ਖ਼ਾਲਸਾ ਜੀ ਦੀ ਗੁਫ਼ਤਾਰ ਰਫ਼ਤਾਰ ਨਿਰਾਲੀ, ਖ਼ਾਲਸਾ ਜੀ ਦੀ ਚਾਲ ਢਾਲ ਨਿਰਾਲੀ, ਖ਼ਾਲਸੇ ਦਾ ਤੌਰ ਨਿਰਾਲਾ, ਤੇ ਜ਼ੋਰ ਨਿਰਾਲਾ, ਖ਼ਾਲਸੇ ਦੀ ਲਿਵ ਧੁਨੀ ਨਿਰਾਲੀ, ਖ਼ਾਲਸਾ ਜੀ ਦੀ ਗੂੰਜ ਗੂੰਜਾਲੀ, ਖ਼ਾਲਸਾ ਜੀ ਦਾ ਸੀਸ ਸਸ਼ੋਭਤੀ ਦੂਹਰੇ ਦਸਤਾਰੇ ਵਾਲਾ ਚੇਹਨ ਨਿਰਾਲਾ, ਖ਼ਾਲਸਾ ਜੀ ਦੇ ਗੁਰਮੁਖੀ ਦਾਹੜੇ ਵਾਲਾ ਨਵ-ਜੋਬਨੀ ਸ਼ਬਾਬ ਪੇਹਨ ਨਿਰਾਲਾ। ਦੁਨੀਆ ਦੀਆਂ ਸੈਂਕੜੇ ਕੌਮਾਂ ਦੀਆਂ ਸਹੰਸਰੀ ਸਫ਼ਾਂ ਵਿਚ ਖੜਾ ਇਕੋ ਇਕ ਸਿੰਘ ਖ਼ਾਲਸਾ ਜਨ ਪਹਿਲੀ ਨਜ਼ਰ ਹੀ ਦੂਰੋਂ ਨਿਰਾਲਾ ਹੀ ਪਛਾਣਿਆ ਜਾਂਦਾ ਹੈ। ਇਸੇ ਪਰਕਾਰ ਅਨੇਕਾਂ ਕੌਮਾਂ ਦੀਆਂ ਤ੍ਰੀਮਤਾਂ ਦੀ ਕਤਾਰ ਵਿਚ ਖੜੀ ਪੁਰਾਤਨ ਭੁਝੰਗਣ ਸਿੰਘਣੀ ਦੂਰੋਂ ਹੀ ਦੇਖਨਸਾਰ ਨਿਰਾਲੀ ਪਛਾਣੀ ਜਾਂਦੀ ਸੀ। ਉਸਦੇ ਦਸਮ ਦੁਆਰੜੇ ਸੀਸ ਉਤੇ ਜੂੜੇ ਸਹਿਤ ਜਟਾ ਮੁਕਟੀ ਸਜੀ ਦਸਤਾਰ ਨਿਰਾਲੀ ਕੌਮੀਅਤ ਦੀ ਪਛਾਣ, ਸੁਤੇ ਸਹਿਜ ਹੀ ਕਰਾ ਦਿੰਦੀ ਸੀ। ਪ੍ਰਸਿਧ ਅੰਗਰੇਜ਼ ਹਿਸਟੋਰੀਅਨ ਕਨਿੰਘਮ ਸਾਹਿਬ (M. Cunningham) ਜਿਸ ਨੇ ਜੁਧਾਂ-ਜੰਗਾਂ ਸਮੇਂ ਦੀ ਸਿਖ ਹਿਸਟਰੀ ਦੇ ਨਿਜ-ਅੱਖੀਂ ਦੇਖੇ ਹਾਲਾਤ ਲਿਖੇ ਹਨ, ਐਉਂ ਲਿਖਦੇ ਹਨ ਕਿ :

> The Sikh women are distinguished from Hindoos of their sex by some variety of dress but chiefly by a higher topknot of hair.
>
> (Appendix XIV. History of the Sikhs)
> by J. D. Cunningham

ਭਾਵ ਹਿੰਦੂ ਜ਼ਨਾਨੀਆਂ ਵਿਚੋਂ ਸਿਖ ਭੁਝੰਗਣਾਂ ਦੀ ਉੱਘੀ ਪਛਾਣ (ਤਮੀਜ਼) ਏਸ ਗੱਲ ਵਿਚ ਸੀ ਕਿ ਉਹਨਾਂ ਦੇ ਸੀਸ ਦਸਮ ਦੁਆਰੜੇ ਸਿਖਰ ਉਤੇ ਜਟਾ ਜੂਟ ਜੂੜਾ ਸਜਿਆ ਹੁੰਦਾ ਸੀ ਅਤੇ ਉਹ ਇਹ ਭੀ ਲਿਖਦੇ ਹਨ ਕਿ ਯੁਧਾਂ ਜੰਗਾਂ ਵਿਖੇ ਕੇਵਲ ਸਿੰਘਣੀਆਂ, ਸਿੰਘਾਂ ਦੀਆਂ

ਨੌਜਵਾਨ ਭੈਣਾਂ ਧੀਆਂ ਹੀ ਸ਼ਾਮਲ ਹੁੰਦੀਆਂ ਸਨ, ਹੋਰ ਕਿਸੇ ਮੱਤ ਦੀਆਂ ਜ਼ਨਾਨੀਆਂ ਜੁਧਾਂ-ਜੰਗਾਂ ਵਿਚ ਸ਼ਾਮਲ ਹੁੰਦੀਆਂ ਕਦੇ ਨਹੀਂ ਦੇਖੀਆਂ ਗਈਆਂ। ਹੈ ਭੀ ਸੱਚ, ਖੁਲ੍ਹਿਆਂ ਕੇਸਾਂ, ਲਮਕਦੀਆਂ ਗੁੱਤਾਂ, ਚੂੰਡਿਆਂ ਚੁਨੀਆਂ ਵਾਲੀਆਂ ਜ਼ਨਾਨੀਆਂ ਕਦੇ ਭੀ ਜੁਧ ਜੰਗ ਨਹੀਂ ਕਰ ਸਕਦੀਆਂ। ਅਤੇ ਸਭੇ ਹਿਸਟੋਰੀਅਨ, ਕੀ ਮੁਸਲਮਾਨ ਤੇ ਕੀ ਅੰਗਰੇਜ਼, ਇਹ ਭੀ ਲਿਖਦੇ ਹਨ ਕਿ ਜਦੋਂ ਸਿੰਘਾਂ ਦੇ ਸੀਸ ਅੱਸੀ ਅੱਸੀ ਰੁਪਏ ਤੋਂ ਵਿਕਦੇ ਸਨ ਤਦੋਂ ਲੋਕੀਂ, ਲਾਲਚੀ ਲੱਗ ਸਿਰਾਂ ਦਾ ਇਨਾਮ ਪਾਉਣ ਲਈ ਘਰਾਂ ਵਿਚ ਵਸਦੀਆਂ ਗ੍ਰਿਹਸਤੀ ਸਿੰਘਾਂ ਦੀਆਂ ਯੁਵਤੀਆਂ (ਬਹੂਆਂ ਬੇਟੀਆਂ) ਦੇ ਜਟਾ ਜੂਟ ਕੇਸ ਸਜੇ ਦਸਤਾਰੇ ਵਾਲੇ ਸੀਸ ਕੱਟ ਕੱਟ ਕੇ ਜ਼ਾਲਿਮ ਹਕੂਮਤ ਦੇ ਪੇਸ਼ ਕਰ ਦਿੰਦੇ ਹੁੰਦੇ ਸਨ ਅਤੇ ਇਸ ਬਿਧਿ ਆਮ ਲੋਕੀ ਇਨਾਮ ਪਾਉਂਦੇ ਸਨ।

ਇਸ ਤੋਂ ਸਿਧ ਹੁੰਦਾ ਹੈ ਕਿ ਉਸ ਸਮੇਂ ਦੇ ਆਮ ਅਤੇ ਸਮੂਹ ਗ੍ਰਿਹਸਤੀ ਸਿੰਘਣੀਆਂ ਭੁਝੰਗਣਾਂ ਦੇ ਸੀਸਾਂ ਉਤੇ ਦਸਤਾਰੇ ਸਜੇ ਹੋਏ ਹੁੰਦੇ ਸਨ। ਸਿਰਫ਼ ਜੰਗਾਂ-ਜੁਧਾਂ ਵਿਚ ਸ਼ਾਮਲ ਹੋਣ ਵਾਲੀਆਂ ਸਿੰਘਣੀਆਂ ਦੇ ਹੀ ਸੀਸਾਂ ਤੇ ਦਸਤਾਰੇ ਨਹੀਂ ਸੀ ਸਜੇ ਹੁੰਦੇ, ਬਲਕਿ ਸਮੂਹ ਸਿਖ ਕੌਮ ਦੀਆਂ ਸਮੂਹ ਬੀਬੀਆਂ ਭੁਝੰਗਣਾਂ ਭੈਣਾਂ ਅਤੇ ਸਿਖ ਪਨੀਰੀ ਤੇ ਅਬਿਲਾਵਾਂ (ਜ਼ਨਾਨੀਆਂ) ਦੇ ਸੀਸਾਂ ਉਤੇ ਭੀ ਦਸਤਾਰੇ ਸਜੇ ਹੁੰਦੇ ਸਨ, ਅਤੇ ਦਸਮ ਦੁਆਰ ਉਤੇ ਕੇਸਾਂ ਦੇ ਜੂੜੇ ਹੁੰਦੇ ਸਨ। ਇਹ ਗੁਰਮਤਿ ਅਸੂਲਾਂ ਦੀ ਐਨ ਸੁਚੱਜੀ ਪਾਲਣਾ ਸੀ।

ਸਚਿਆਰ ਸੂਰਬੀਰ ਅਸੂਲੇ ਅਣਖੀਲੇ ਸਿੰਘ ਪਰਵਾਰਾਂ ਦੇ ਪਰਵਾਰ ਧੁਰੋਂ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਸੀਸ ਦਸਤਾਰ ਧਾਰਨਾ ਦੇ ਧਾਰਨੀ ਸਨ। ਖੰਡੇ ਦਾ ਅੰਮ੍ਰਿਤ ਛਕਣ ਦੇ ਸਮੇਂ ਤੋਂ ਹੀ ਇਹ ਸੁਧ ਗੁਰਮਤਿ-ਰਹਿਤ ਧਾਰਨਾ ਅਰੰਭ ਹੋ ਗਈ ਸੀ। ਗੁਰੂ ਦਸਮੇਸ਼ ਜੀ ਦੇ ਨਿਕਟਵਰਤੀ ਸਿੰਘਾਂ ਦੇ ਲਿਖਤੀ ਰਹਿਤਨਾਮਿਆਂ ਤੋਂ ਭੀ ਇਹੀ ਸਿਧ ਹੁੰਦਾ ਹੈ ਕਿ ਉਕਤ ਰਹਿਤਨਾਮਿਆਂ ਅੰਦਰ ਸ੍ਰੀ ਦਸਮੇਸ਼ ਜੀ ਦਾ

ਦਰਸਾਇਆ ਉਪਦੇਸ਼ ਪੰਜ ਕਕਾਰ ਦੀ ਰਹਿਤ ਮਰਯਾਦਾ ਪ੍ਰਥਾਇ ਇਸ ਬਿਧਿ ਅੰਕਤਾਇਆ ਜਾਂਦਾ ਸੀ :

"ਕੰਘਾ ਦੋਨੋ ਵਕਤ ਕਰਿ ਪਾਗ ਚੁਨੈ ਕਰਿ ਬਾਂਧਈ।
ਦਾਤਨ ਨੀਤ ਕਰੇ ਨਾ ਦੁਖ ਲਾਗੇ ਲਾਲ ਜੀ।"

ਸ੍ਰੀ ਭਾਈ ਨੰਦ ਲਾਲ ਸਿੰਘ ਪਰਥਾਇ ਸਨਮੁਖੀ ਖ਼ਿਤਾਬ 'ਲਾਲ ਜੀ' ਸੰਬੋਧਨ ਕਰ ਕੇ ਸਮੂਹ ਖ਼ਾਲਸਾ ਕੌਮ (ਸਿੰਘ ਸਿੰਘਣੀਆਂ) ਪ੍ਰਤੀ ਇਹ ਹੁਕਮ ਦ੍ਰਿੜ੍ਹਾਉਂਦੇ ਹਨ ਕਿ ਹਰੇਕ ਸਿੰਘ ਸਿੰਘਣੀ (ਅੰਮ੍ਰਿਤਧਾਰੀ ਵਿਅਕਤੀ) ਨੂੰ ਅੰਮ੍ਰਿਤ ਵੇਲੇ ਅਤੇ ਆਥਣੇ ਰਹਿਰਾਸ ਸਾਹਿਬ ਦੇ ਸਮੇਂ ਤੋਂ ਪਹਿਲਾਂ ਦੋਹੀ ਵਕਤੀਂ ਕੇਸਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣੀ ਲਾਜ਼ਮੀ ਹੈ। ਕੇਸਾਂ ਦਾ ਕੰਘਾ ਕਰਨਾ ਅਤੇ ਕੰਘਾ ਕਰ ਕੇ ਦਸਤਾਰ ਸਜਾਉਣੀ ਇਹ ਹਰੇਕ ਸਿੰਘ ਸਿੰਘਣੀ ਦੀ ਰਹਿਤ ਮਰਯਾਦਾ ਦਾ ਲਾਜ਼ਮੀ ਅੰਗ ਦ੍ਰਿੜ੍ਹਾਇਆ ਹੈ। ਜੂੰਡੇ ਵਾਲੇ, ਮੀਢੀਆਂ ਵਾਲੇ, ਲੰਮੀਆਂ ਗੁਤਾਂ ਵਾਲੇ, ਮਾਂਠ ਗੁੰਦਾਈਆਂ ਪਟੀਆਂ ਵਾਲੇ ਸੀਸ ਦੇ ਕੇਸਾਂ ਦਾ ਨਾ ਹੀ ਕੰਘਾਂ ਕੀਤਾ ਜਾ ਸਕਦਾ ਹੈ, ਨਾ ਹੀ ਸੀਸ ਤੇ ਛੋਟੀ ਦਸਤਾਰ ਸਜਾਈ ਜਾ ਸਕਦੀ ਹੈ।

ਤਾਂ ਤੇ ਗੁਰੂ ਪੰਥ ਦਾ ਨਾਰ ਯੁਵਤੀ ਹਿਸਾ ਹਰ ਦਮ ਨਿਤਾਪ੍ਰਤਿ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਨਾਫ਼ਰਮਾਨੀ ਕਰਨ ਕਰਕੇ ਕੁਰਹਿਤੀਆ ਹੀ ਰਹਿੰਦਾ ਹੈ। ਜਿਸ ਸੀਸ ਦੇ ਦਸਮ ਦੁਆਰ ਵਿਖੇ ਸ੍ਰੀ ਕਲਗੇਸ਼ ਸੁੰਦ੍ਰੇਸ਼ ਦਾ ਖੰਡੇ ਦਾ ਅੰਮ੍ਰਿਤ ਪਰਵੇਸ਼ ਹੁੰਦਾ ਹੈ, ਉਸ ਪਵਿਤ੍ਰ ਦਸਮ ਦੁਆਰ ਨੂੰ, ਸਾਰੇ ਸਰੀਰ ਦੇ ਸ਼ੁਮਣੀ ਹਿਸੇ ਨੂੰ, "ਸਾਬਤ ਸੂਰਤਿ ਦਸਤਾਰ ਸਿਰਾ" ਦੇ ਹੁਕਮ ਅਨੁਸਾਰ ਸੰਵਾਰ ਸਜਾ ਕੇ ਨਾ ਰਖਣਾ ਗੁਰੂ ਸਾਹਿਬ ਦੀ ਨਾ ਸਿਰਫ਼ ਹੁਕਮ ਅਦੂਲੀ ਹੀ ਹੈ, ਬਲਕਿ ਪਵਿਤ੍ਰ ਅੰਮ੍ਰਿਤ-ਸਿੰਚਰੇ ਕੇਸਾਂ ਦੀ ਬੇਅਦਬੀ ਹੈ। ਪਵਿਤ੍ਰ ਕੇਸਾਂ ਨੂੰ ਮੀਢੀਆਂ ਨਾਲ ਜਕੜਨਾ ਅਤੇ ਹਫ਼ਤਿਆਂ ਬੱਧੀ ਜਕੜੀ ਹੀ ਰਖਣਾ, ਗੁੰਦਣਾ ਅਤੇ ਗੁੰਦੀ ਹੀ ਰਖਣਾ ਕੇਸਾਂ ਦੀ ਬੇਹੁਰਮਤੀ ਕਰਨਾ ਹੈ। ਕੇਸਾਂ ਦੀ ਲੰਮੀ ਚੂੰਡੀ ਗਿਚੀ ਪਿਛੇ ਲਮਕਾ ਕੇ

ਅਤੇ ਉਸਦੇ ਨਾਲ (ਅਜ ਕਲ੍ਹ ਦੇ ਨਵੇਂ ਫ਼ੈਸ਼ਨ ਅਨੁਸਾਰ) ਬਨਾਵਟੀ ਪਰਾਂਦਿਆਂ ਵਾਲਾ ਇਸ਼ਕ-ਲੇਡਾ ਬੰਨ੍ਹਣਾ, ਇਹ ਨਿਰੀ ਹੀ ਮਨਮੱਤ ਹੈ, ਜੋ ਅਨਮਤੀਆਂ ਦੀ ਰੀਸ ਘੜੀਸ ਕਰਕੇ ਸਹੇੜੀ ਹੋਈ ਹੈ।

ਕੇਸਾਂ ਦੇ ਦਸਮ ਦੁਆਰ ਤੇ ਜੂੜਾ ਨਾ ਸਜਾਉਣ ਅਤੇ ਛੋਟੀ ਦਸਤਾਰ ਨਾ ਸਜਾਉਣ ਦੀ ਕੁਰੀਤੀ ਕੁਝ ਤਾਂ ਓਦੋਂ ਤੋਂ ਡਰਪੋਕ ਯੁਵਤੀਆਂ ਅੰਦਰ ਚਲੀ ਹੈ ਜਦੋਂ ਦਸਤਾਰੇ ਵਾਲੀਆਂ ਸਿੰਘਣੀਆਂ ਦੇ ਸੀਸ ਕੱਟ ਕੇ ਲਾਲਚੀ ਲੋਗ ਜ਼ਾਲਮ ਹਾਕਮਾਂ ਪਾਸੋਂ ਅੱਸੀ ਅੱਸੀ ਰੁਪਏ ਮੁੱਲ ਲੈ ਲੈਂਦੇ ਹੁੰਦੇ ਸਨ। ਪਰ ਓਦੋਂ ਤਾਂ ਵਿਰਲੇ ਹੀ ਡਰਪੋਕ ਪਰਵਾਰਾਂ ਨੇ ਐਸਾ ਕੀਤਾ ਸੀ। ਤਿਆਰ-ਬਰ-ਤਿਆਰ ਰਹਿਤਵਾਨ ਸਿੰਘ-ਸਜੇ ਪਰਵਾਰਾਂ ਨੇ ਨਿਰਭੈ ਹੋ ਕੇ ਓਦੋਂ ਭੀ ਪੂਰੀ ਸੂਰੀ ਰਹਿਤ ਨਿਭਾਈ। ਬਹੁਤੀ ਮਾਰ ਤਾਂ ਓਦੋਂ ਵਗੀ ਹੈ ਜਦੋਂ ਸਿਖ ਰਾਜ ਕਾਇਮ ਹੋ ਗਿਆ, ਅਤੇ ਐਸ਼-ਪ੍ਰਸਤੀ ਤੇ ਸੁਖ-ਰਹਿਣੀ-ਰਹਿਤ ਰਖਣ ਦਾ ਕੁਚਸਕਾ ਪਰਬਲ ਪੈ ਗਿਆ। ਲਾਲੀਆਂ, ਕਰਾੜੀਆਂ, ਮੁਸਲਮਾਨਣੀਆਂ ਦੀ ਰੀਸੇ ਸਿਖ ਕੌਮ ਦੀਆਂ ਪਰਭਾਣੀਆਂ ਭੀ ਉਸੇ ਵਹਿਣ ਵਿਚ ਵਹਿ ਤੁਰੀਆਂ। ਸੁਖ-ਰਹਿਣੀਏ ਐਸ਼-ਪ੍ਰਸਤ ਸਿੰਘ ਭੀ ਢਿੱਲੜ ਹੋ ਗਏ ਅਤੇ ਆਪਣੀਆਂ ਇਸਤ੍ਰੀਆਂ ਨੂੰ ਆਨਮੱਤਣਾਂ ਵੱਤ ਕੁੜਾਵੇ ਸ਼ਿੰਗਾਰਾਂ ਨਾਲ ਸ਼ਿੰਗਾਰੀਆਂ ਹੋਈਆਂ ਦੇਖਣ ਦੇ ਸ਼ੌਕੀਨ ਹੋ ਗਏ। ਇਸ ਬਿਧਿ ਬਹੁਤ ਸਾਰੀ ਪੰਥ-ਪਨੀਰੀ ਗੁਰੂ ਦਸਮੇਸ਼-ਦਰਸਾਈ ਦ੍ਰਿੜ੍ਹਾਈ ਰਹਿਤ ਤੋਂ ਕੁਰਹਿਤਵਾਨ ਹੋ ਗਈ।

ਸਿੰਘਣੀਆਂ ਵਾਲੀ ਰਹਿਤ ਤੋਂ ਵਾਂਞੀਆਂ ਹੋਈਆਂ ਅਭਾਗ ਕੁਰਹਿਤਣਾਂ, ਲਾਲੀਆਂ, ਕਰਾੜੀਆਂ ਤੇ ਤੁਰਕਣੀਆਂ ਦੀਆਂ ਵੇਸ-ਧਾਰਨੀ ਨਕਲ ਕਰਨਹਾਰੀਆਂ ਬਦ-ਨਸੀਬਣਾਂ ਹੀ ਰਹਿ ਗਈਆਂ। ਤਿਨ੍ਹਾਂ ਨੂੰ ਆਮ ਤਰੀਮਤਾਂ, ਅਨਮੱਤਣਾਂ ਇਸਤਰੀਆਂ ਦੀ ਕਤਾਰ ਵਿਚ ਖੜੇ ਕਰ ਦਿਓ, ਓਹਨਾਂ ਦੀ ਕੋਈ ਪਛਾਣ ਨਹੀਂ ਰਹੇਗੀ ਕਿ ਇਹ ਸਿੰਘਣੀਆਂ ਹਨ। ਸਭ ਕੋਈ ਦੇਖਣਹਾਰਾ ਏਹਨਾਂ ਨੂੰ ਲਾਲੀਆਂ ਲੂਲੀਆਂ, ਰਾਹਮਣੀਆਂ ਮੁਸਲੀਆਂ ਹੀ ਕਹੇਗਾ।

ਜਿਸ ਸ੍ਰੀ ਦਸਮੇਸ਼ ਜੀ ਨੇ ਸਿੰਘਾਂ ਸਦਰਸ਼ ਹੀ ਰਹਿਤਵਾਨ ਸਜਾ ਕੇ ਸਿੰਘਣੀਆਂ ਨੂੰ ਸਮਸਰ ਮੁਰਾਤਬੇ ਤੇ ਪਰਮਾਰਥੀ ਮੁਰਾਤਬੇ ਤੇ ਰਖਿਆ, ਅਫ਼ਸੋਸ ਕਿ ਉਸ ਸ੍ਰੀ ਦਸਮੇਸ਼ ਸਚੇ ਪਾਤਸ਼ਾਹ ਦੇ ਹੁਕਮਾਂ ਤੋਂ ਬੇਮੁਖ ਹੋ ਕੇ ਅਜ ਸ੍ਰੀ ਦਸਮੇਸ਼ ਦੀਆਂ ਸਰ-ਫ਼ਰਾਜ਼ ਕੀਤੀਆਂ ਸਰਦਾਰਨੀਆਂ ਬਣਾਈਆਂ ਸਿੰਘਣੀਆਂ ਭੁਝੰਗਣਾਂ, ਆਨਮਤਣਾਂ ਵੱਤ ਹੀ ਫ਼ੈਸ਼ਨ-ਪ੍ਰਸਤੀ ਦੀ ਖਲਜਗਣ ਵਿਚ ਖੱਜਲ ਹੋ ਰਹੀਆਂ ਹਨ ਅਤੇ ਬੇਸ਼ਅਊਰ ਅਖਉਤੀ-ਸਿਖੜੇ ਆਪਣੀਆਂ ਇਸਤ੍ਰੀਆਂ ਧੀਆਂ ਭੈਣਾਂ ਨੂੰ ਪਟੋਲੇ ਬਣਾ ਕੇ ਘ੍ਰਿਣਾ ਯੋਗ ਵੇਸ ਪਹਿਨਾ ਕੇ ਫੁੱਲੇ ਨਹੀਂ ਸਮਾਉਂਦੇ।

ਤੁਸੀਂ ਕਹੋਗੇ ਕਿ ਘ੍ਰਿਣਾ ਯੋਗ ਕਿਉਂ ? ਇਸ ਦਾ ਉਤਰ ਸੁਣ ਲਵੋ। ਜਿਸ ਵੇਸ ਨੂੰ ਪਹਿਰਨਾ ਅਗੇ ਵੇਸਵਾਵਾਂ (ਬਜ਼ਾਰੀ ਔਰਤਾਂ) ਭੀ ਸ਼ਰਮ ਅਤੇ ਲਜਿਆ ਦਾ ਕਾਰਨ ਸਮਝਦੀਆਂ ਹੁੰਦੀਆਂ ਸਨ, ਅਜ ਉਸੇ ਵੇਸ ਨੂੰ, ਸਗੋਂ ਉਸ ਤੋਂ ਵੀ ਵਧ ਕੇ ਸ਼ਰਮਨਾਕ ਵੇਸ ਨੂੰ ਪਹਿਨਣਾ ਅਸਾਡੇ ਗ੍ਰਿਹਸਤ ਧਰਮ ਦੀਆਂ ਇਸਤ੍ਰੀਆਂ, ਮਾਵਾਂ ਧੀਆਂ ਭੈਣਾਂ, ਬੜਾ ਫ਼ਖ਼ਰ ਸਮਝ ਕੇ ਪਹਿਨਦੀਆਂ ਹਨ। ਉਹਨਾਂ ਦੇ ਮੂੜ੍ਹ ਘਰ-ਵਾਲੇ, ਕਾਮ-ਵਿਆਪੇ ਕਸੁਧ ਨਰ ਮਨੁਖ (ਵਹਿਸ਼ੀ ਡੰਗਰ) ਭੀ ਅਜਿਹੇ ਵੇਸ ਆਪਣੀਆਂ ਜੋਰੂਆਂ ਪਠੋਰੂਆਂ ਨੂੰ ਪਹਿਰਾਉਣਾ ਹਮਾਕਤ ਭਰਿਆ ਫ਼ਖਰ ਸਮਝਦੇ ਹਨ। ਏਹਨਾਂ ਨੂੰ ਸ਼ਰਮ ਨਹੀਂ ਆਉਂਦੀ, ਖਾਸ ਕਰ ਅਸਾਡੇ ਕਹਿਵਤੀ ਸਿਖ ਸਦਾਉਣ ਵਾਲੇ ਫ਼ੈਸ਼ਨ-ਪੂਜ ਸਿਖੜਿਆਂ ਨੂੰ ਸ਼ਰਮ ਨਹੀਂ ਆਉਂਦੀ, ਜਦੋਂ ਏਹਨਾਂ ਦੀਆਂ ਧੀਆਂ ਭੈਣਾਂ ਅਤੇ ਘਰ ਵਾਲੀਆਂ ਲੰਮੀਆਂ ਲੰਮੀਆਂ ਗੁਤਾਂ ਲਮਕਾ ਕੇ ਅਤੇ ਨੰਗੇ ਸਿਰ ਕਰ ਕਰ ਕੇ ਸਰੇ ਬਾਜ਼ਾਰ ਖੁਲ੍ਹੇ ਝਾਟਿਆਂ ਵਿਚ ਧੂੜ ਧੁਮਾਦੀਆਂ ਫਿਰਦੀਆਂ ਹਨ, ਅਤੇ ਉਹ ਹਰ ਸਵੇਰੇ ਧਰਮਸਾਲੇ ਜਾ ਕੇ ਸ੍ਰੀ ਆਸਾ ਜੀ ਦੀ ਵਾਰ ਦੀਆਂ ਇਹ ਤੁਕਾਂ ਪੜ੍ਹਦੇ, ਸੁਣਦੇ, ਗਾਉਂਦੇ ਹਨ :

"ਉਡਿ ਉਡਿ ਰਾਵਾ ਝਾਟੇ ਪਾਇ ॥
ਵੇਖਹਿ ਲੋਕ ਹਸਹਿ ਘਰ ਜਾਇ ॥"

ਖੁੱਲ੍ਹੇ ਝਾਟੇ ਹੀ ਨਹੀਂ, ਖੁਲ੍ਹੇ ਨੰਗੇਜ ਭੀ ਅਜ ਕਲ ਦਾ ਬੇਸ਼ਰਮੀ ਭਰਿਆ ਫ਼ੈਸ਼ਨ ਬਣ ਗਿਆ ਹੈ। ਮੋਢਿਆਂ ਤਾਈਂ ਡੌਲੇ ਨੰਗੇ, ਗਲੇਵੇਂ ਤੋਂ ਹੇਠਾਂ ਚਾਰ ਚਾਰ ਇੰਚ ਛਾਤੀ ਨੰਗੀ ਰਖਣੀ, ਸਾਰੀ ਗਰਦਨ ਨੰਗੀ ਰਖਣੀ– ਅਜ ਕਲ ਦਾ ਆਮ ਰਿਵਾਜੀ ਫ਼ੈਸ਼ਨ ਹੋ ਗਿਆ ਹੈ, ਜੋ ਨਿਰਾ ਬੇਸ਼ਰਮੀ ਭਰਿਆ ਫ਼ੈਸ਼ਨ ਹੈ। ਮਹੀਨ ਮਲਮਲ ਦੀਆਂ ਝੱਗੀਆਂ (ਅਧ-ਕੁੜਤੀਆਂ) ਪਾਉਣਾ ਜਿਸ ਵਿਚ ਦੀ ਸਾਰ-ਪਾਰ ਸਾਰਾ ਬਦਨ ਦਿਸੇ, ਬੇਹਯਾਈ ਭਰਿਆ ਵੇਸ ਬਣਿਆ ਹੋਇਆ ਹੈ। ਏਸ ਤੋਂ ਭੀ ਵਧ ਕੇ ਭਿਅੰਕਰ ਸ਼ਰਮਨਾਕ ਬੇਹਯਾਈ ਇਹ ਭੀ ਆਮ ਵਡੇ ਵਡੇ ਸ਼ਹਿਰਾਂ ਵਿਚ ਦੇਖੀ ਗਈ ਹੈ ਕਿ ਮੱਟੇ ਪਟ ਤਾਈਂ ਸਾਰੀਆਂ ਟੰਗਾਂ ਨੰਗੀਆਂ, ਪਿਠ ਪਿਛੇ ਮਘੋਰੇ ਰਖੇ ਹੋਏ (ਕਿ ਗੋਰੀਆਂ ਪਿਠ-ਚਮੜੀਆਂ ਨੂੰ ਆਮ ਲੁਕਾਈ ਖੁਲ੍ਹਮ ਖੁਲ੍ਹੀ ਦੇਖੇ), ਢਾਕਾਂ ਨੰਗੀਆਂ, ਪਿਛਲਾਕਾਂ ਨੰਗੀਆਂ। ਦਸੋ ਬਾਕੀ ਰਹਿ ਕੀ ਗਿਆ ? ਪਿਛਲੇ ਜ਼ਮਾਨੇ ਦੀਆਂ ਕੰਜਰੀਆਂ ਭੀ ਅਜਿਹੇ ਬੇਸ਼ਰਮੀ ਦੇ ਵੇਸ ਪਹਿਰਦੀਆਂ ਸ਼ਰਮਾਉਂਦੀਆਂ ਸਨ। ਲੋਕਾਂ ਦੀਆਂ ਅੱਖਾਂ ਵਿਚ ਘਟਾ ਪਾਉਣ ਨੂੰ, ਪਰ ਓਦੂੰ ਭੀ ਵਧੀਕ ਰੀਝਾਉਣ ਨੂੰ, ਅਜ ਕਲ੍ਹ ਜਾਲੀਦਾਰ ਚੁਨੀਆਂ ਚਲੀਆਂ ਹਨ, ਜੋ ਅਧ-ਪਚੱਧ ਹੀ ਨੰਗੇਜ ਢਕਦੀਆਂ ਹਨ। ਇਸ ਜਾਲੀਦਾਰ ਚੁਨੀ ਵਿਚ ਹੀ ਮਾਠ-ਗੁੰਦਾਈਆਂ ਪਟੀਆਂ ਨੂੰ ਅਤੇ ਲਮਕਦੀਆਂ (ਇਸ਼ਕ-ਲੇਡੇ ਵਾਲੀਆਂ) ਗੁਤਾਂ ਨੂੰ ਦਿਖਾਉਣਾ ਬਦਮਾਸ਼, ਲੁਚੜਾਂ, ਗੁੰਡਿਆਂ ਨੂੰ ਝਟਕਾਉਣ ਦਾ ਨਵਾਂ ਪਰਚਾਵਾ ਪਰਚਲਤ ਹੋਇਆ ਹੈ, ਜੋ ਨਿਰਾ ਹੀ ਕੰਜਰ-ਪੁਣਾ ਹੈ।

ਅਸਾਡੀਆਂ ਗੁਰੂ ਘਰ ਦੀਆਂ ਸਦਵਾਉਣ ਵਾਲੀਆਂ ਯੁਵਤੀਆਂ, ਇਹ ਨਿਰੇ ਲੁੱਚਪੁਣੇ ਵਾਲੇ ਵੇਸ ਦੀ ਨਕਲ ਕਰਨ ਨੂੰ ਤਾਂ ਮਨ-ਮੰਨੀ ਵਡਿਆਈ ਸਮਝਦੀਆਂ ਹਨ, ਪਰ ਜੇ ਉਹਨਾਂ ਨੂੰ ਕਹੋ ਕਿ ਗੁਰੂ ਕੀ ਰਹਿਤ ਰਖੋ, ਸਾਦ-ਮੁਰਾਦੇ ਗੁਰਮੁਖੀ ਬਾਣੇ ਓਢੋ, ਸੀਸ ਤੇ ਦਸਤਾਰ ਸਜਾਓ ਤਾਂ ਸੌ ਘੜਾ ਪਾਣੀ ਦਾ ਉਹਨਾਂ ਦੇ ਸਿਰ ਤੇ ਪੈ ਜਾਂਦਾ ਹੈ, ਅਤੇ ਬੱਜਰ ਭਾਰ ਸਿਰ ਤੇ ਆ ਪੈਂਦਾ ਹੈ। ਤਾਂ ਤੇ ਇਹ ਮਨ ਦੀ ਮੱਤ ਦੀ

ਸਿੱਖੀ ਹੀ ਹੋਣੀ, ਗੁਰਮਤਿ ਗੁਰੂ ਕੀ ਸਿੱਖੀ ਤਾਂ ਨਾ ਹੋਈ, ਉਕੀ ਹੀ ਨਾ ਹੋਈ। ਉਹਨਾਂ ਨੇ ਗੁਰੂ ਘਰ ਦੇ ਇਤਿਹਾਸ ਪੜ੍ਹੇ ਹੋਣ ਤਾਂ ਉਹਨਾਂ ਨੂੰ ਪਤਾ ਲੱਗੇ ਕਿ ਕਿਵੇਂ ਸ੍ਰੀ ਦਸਮੇਸ਼ ਗੁਰੂ ਸੱਚੇ ਪਾਤਸ਼ਾਹ ਆਪਣੇ ਹਥੀਂ ਮਾਤਾ ਭਾਗ ਕੌਰ ਵਰਗੀਆਂ ਸੁਭਾਗ ਭੁਝੰਗਣਾਂ ਦੇ ਸੀਸ ਤੇ ਨਿਜ ਕਰ-ਕੰਵਲਾਂ ਦੁਆਰਾ ਦਸਤਾਰੇ ਸਜਾਉਂਦੇ ਰਹੇ, ਅਤੇ ਕਿਵੇਂ ਅਸਾਡੀਆਂ ਪੁਰਾਤਨ ਮਾਵਾਂ ਭੈਣਾਂ ਜੁਧਾਂ-ਜੰਗਾਂ ਵਿਚ ਆਪਣੇ ਸੂਰਬੀਰ ਸਿੰਘਾਂ ਵੀਰਾਂ ਦੇ ਸੰਗ-ਸਾਥ ਮੋਢੇ ਨਾਲ ਮੋਢਾ ਡਾਹ ਕੇ, ਸੀਸਾਂ ਤੇ ਦਮਾਲੇ (ਦਸਤਾਰੇ) ਸਜਾ ਕੇ ਅਤੇ ਅਰਾਕਿਆਂ ਤੇ ਸਵਾਰ ਹੋ ਕੇ ਦੁਸ਼ਮਨਾਂ ਦਾ ਮੁਕਾਬਲਾ ਕਰਦੀਆਂ ਰਹੀਆਂ ਅਤੇ ਦਿਗ-ਬਿਜੈ (ਫ਼ਤਹ) ਹਾਸਲ ਕਰਦੀਆਂ ਰਹੀਆਂ ਅਜ ਕੱਲ੍ਹ ਦੀਆਂ ਕਿਰਾੜ-ਫ਼ੈਸ਼ਨ ਗੁੱਡੀਆਂ, ਪਟੋਲੜੀਆਂ, ਲਾਲੀਆਂ ਐਸਾ ਕਰ ਸਕਦੀਆਂ ਹਨ ? ਕਦਾਚਿਤ ਨਹੀਂ। ਤਿਨ੍ਹਾਂ ਨੂੰ ਤਾਂ ਲੰਮੀਆਂ ਗੁੱਤਾਂ ਤੋਂ ਫੜ ਕੇ ਹੀ ਗ਼ਨੀਮ ਘੜੀਸੀ ਫਿਰਨ। ਐਵੇਂ ਹੀ ਕਾਬੂ ਆ ਜਾਣ। ਓਹਨਾਂ ਨੇ ਲੜਨਾ ਕੀ ਹੈ ? ਓਹਨਾਂ ਨੇ ਕੀ ਸ਼ਸਤ੍ਰ ਵਾਹਣੇ ਹਨ ? ਜਿਨ੍ਹਾਂ ਨੇ ਪੰਜ ਕਕਾਰਾਂ ਦੀ ਰਹਿਤ ਨੂੰ ਧਾਰਨ ਨਹੀਂ ਕੀਤਾ, ਓਹਨਾਂ ਨੇ ਸ਼ਸਤ੍ਰ ਕੀ ਧਾਰਨ ਕਰਨੇ ਹੋਏ ?

ਯਾਦ ਰਖੋ ਕਿ ਓਹੀ ਸਮਾਂ ਸਿਰ ਤੇ ਆਇਆ ਖੜਾ ਹੈ। ਸਿੰਘਾਂ ਦੇ ਨਾਲ ਮਿਲ ਕੇ ਅਸਾਡੀਆਂ ਸਿੰਘਣੀਆਂ ਭੈਣਾਂ ਨੂੰ ਜੰਗ ਦੇ ਜੌਹਰ ਦਿਖਾਉਣੇ ਪੈਣੇ ਹਨ। ਇਹ ਫੜੇ ਫ਼ੈਸ਼ਨ ਸਭ ਲੁਕਾਉਣੇ ਪੈਣਗੇ, ਕੁਲ ਫ਼ੈਸ਼ਨ-ਪ੍ਰਸਤੀਆਂ ਸਭ ਝੜ ਪੈਣਗੀਆਂ। ਪੁਰਾਤਨ ਖ਼ਾਲਸੇ ਨੂੰ ਤਾਂ ਹਿੰਦੂਆਂ ਦੀਆਂ ਬਹੂਆਂ ਬੇਟੀਆਂ ਨੂੰ ਬਚਾਉਣ ਤੇ ਜ਼ਾਲਮਾਂ ਦੇ ਫੰਧਿਆਂ ਚੋਂ ਛਡਾਉਣ ਦੇ ਫ਼ਿਕਰ ਰਹਿੰਦੇ ਸਨ, ਹੁਣ ਵਕਤ ਪੈਣ ਤੇ ਅਸਾਨੂੰ ਆਪਣੀਆਂ ਹੀ ਨਿਜ ਯੁਵਤੀਆਂ ਨੂੰ ਸੰਭਾਲਣਾ ਮੁਸ਼ਕਲ ਹੋ ਜਾਊ।

੧੯੪੭ ਦੇ ਫਸਾਦਾਂ ਵਿਚ ਅਨੇਕਾਂ ਸਿੱਖ ਬੀਬੀਆਂ ਭੈਣਾਂ ਪਰ ਹਮਲੇ ਹੋਏ, ਉਨ੍ਹਾਂ ਵਿਚੋਂ ਅਨੇਕਾਂ ਹੀ ਅਜੇ ਤਕ ਪਾਕਸਤਾਨ ਵਿਚ ਹਨ। ਕਦੇ ਸੁਣਿਆ ਹੈ, ਕਦੇ ਕਿਸੇ ਇਤਿਹਾਸ ਵਿਚ ਪੜ੍ਹਿਆ ਹੈ,

ਕਿ ਪੁਰਾਤਨ ਸਿੰਘ ਅਤੇ ਸੂਰਬੀਰ, ਸਿੰਘਣੀਆਂ ਭੁਝੰਗਣਾਂ ਨੂੰ ਛੁਡਾਉਣ ਬਚਾਉਣ ਲਈ ਧਾਵੇ ਕਰਦੇ ਹੁੰਦੇ ਸਨ ? ਇਹੀ ਸੁਣਿਆ ਪੜ੍ਹਿਆ ਹੈ ਕਿ ਮਜ਼ਲੂਮ ਹਿੰਦੂਆਂ ਦੀਆਂ ਅਬਲਾਵਾਂ ਨੂੰ ਜ਼ਾਲਮਾਂ ਦੇ ਪੰਜੇ ਤੋਂ ਛੁਡਾਉਣ ਲਈ ਸਿੰਘ ਧਾਵੇ ਕਰਦੇ ਹੁੰਦੇ ਸਨ, ਅਤੇ ਹਿੰਦੂਆਂ ਦੀਆਂ ਬਹੂਆਂ ਬੇਟੀਆਂ ਨੂੰ ਛੁਡਾ ਕੇ ਆਪੋ ਆਪਣੇ ਘਰਾਣਿਆਂ ਵਿਚ ਪਹੁੰਚਾਉਂਦੇ ਹੁੰਦੇ ਸਨ । ਸਿੰਘਣੀਆਂ, ਬੀਬੀਆਂ, ਭੁਝੰਗਣਾਂ ਕਦੇ ਜ਼ਾਲਮਾਂ ਦੇ ਪੰਜੇ ਵਿਚ ਫਸਦੀਆਂ ਹੀ ਨਹੀਂ ਸਨ । ਫਸਣ ਤਾਂ ਤਦੇ ਜੇ ਉਹ ਨਿਹੱਥੀਆਂ ਹੋਣ । ਫਸਣ ਤਾਂ ਤਦੇ ਜੇ ਉਹਨਾਂ ਦੇ ਸੀਸਾਂ ਤੇ ਦਸਤਾਰੇ ਨਾ ਹੋਣ । ਉਹ ਤਾਂ ਸਨੱਧ-ਬੱਧ ਹੋ ਕੇ ਸਿੰਘਾਂ ਭਰਾਵਾਂ ਦੇ ਸ਼ਾਨਾ-ਬਸ਼ਾਨਾ ਜ਼ਾਲਮਾਂ ਨਾਲ ਲੜਦੀਆਂ ਹੁੰਦੀਆਂ ਸਨ, ਸਗੋਂ ਆਨਮਤਣਾਂ ਆੜ-ਫਾਸਣਾਂ (ਜ਼ਾਲਮਾਂ ਦੇ ਜਾਲ ਵਿਚ ਫਸੀਆਂ ਹੋਈਆਂ) ਹਿੰਦਵੈਣੀਆਂ ਬਹੂਆਂ ਬੇਟੀਆਂ ਨੂੰ ਆਪਣੇ ਸਿੰਘ ਵੀਰਾਂ ਦੇ ਨਾਲ ਜਾ ਕੇ, ਧਾ ਕੇ, ਛੁਡਾ ਕੇ ਲਿਆਉਂਦੀਆਂ ਹੁੰਦੀਆਂ ਸਨ । ਕਦੇ ਸੁਣਿਆਂ ਸੀ ਕਿ ਸਿੰਘਣੀਆਂ ਜਾ ਕੇ ਜਰਵਾਣਿਆਂ ਦੇ ਕਬਜ਼ਿਆਂ ਵਿਚ ਫਸੀਆਂ ਹੋਣ ? ਓਦੋਂ ਭੀ ਜਿਹੜੀਆਂ ਨਕਲੀ ਸਿੰਘਣੀਆਂ ਅਧ-ਹਿੰਦਵੈਣੀਆਂ ਸਨ, ਸੁੰਦਰ ਕੌਰ ਤੋਂ ਸੁੰਦਰੀਆਂ ਹੀ ਰਹਿ ਗਈਆਂ ਸਨ, ਓਹ ਤਾਂ ਜ਼ਰੂਰ ਜ਼ਾਲਮਾਂ ਦੇ ਢਹੇ ਚੜ੍ਹ ਜਾਂਦੀਆਂ ਸਨ, ਪਰ ਸਨੱਧ-ਬੱਧ "ਸਾਬਤ ਸੂਰਤਿ ਦਸਤਾਰ ਸਿਰਾ" ਵਾਲੀਆਂ ਸਿੰਘਣੀਆਂ ਜੁਧਾਂ ਜੰਗਾਂ ਵਿਚ ਸ਼ਹੀਦ ਤਾਂ ਹੋ ਜਾਂਦੀਆਂ ਸਨ, ਪਰ ਜੀਊਂਦੀਆਂ ਕਦੇ ਜ਼ਾਲਮਾਂ ਦੇ ਕਾਬੂ ਨਹੀਂ ਆਉਂਦੀਆਂ ਸਨ ।

ਇਹ ਜੋ ਛੀ ਜ਼ਮਾਨਾ ਪਾਕਿਸਤਾਨੀ ਸ਼ੈਤਾਨਾਂ ਦੇ ਜਬਰੋ ਜ਼ੁਲਮਾਂ ਦਾ ਭਾਣਾ ਵਰਤਿਆ ਹੈ ਅਤੇ ਹਿੰਦੂਆਂ ਦੀਆਂ ਬਹੂਆਂ ਬੇਟੀਆਂ ਨਾਲ ਸਿਖ ਕੌਮ ਦੀਆਂ ਯੁਵਤੀਆਂ ਨੂੰ ਭੀ ਜ਼ਾਲਮ ਫੜ ਕੇ ਲੈ ਗਏ ਹਨ, ਏਸੇ ਕਰਕੇ ਲੈ ਗਏ ਹਨ ਕਿ ਓਹਨਾਂ ਨੂੰ ਆਨਮੱਤਣਾਂ ਦਾ ਸੰਗ-ਦੋਖ ਹੋਣ ਕਰਿ ਖਚਬਿਗੜ ਪਹਿਰਾਵਿਆਂ ਦੇ ਪਹਿਰਨ ਦਾ ਮੋਨੀਆ ਹੋ ਗਿਆ ਸੀ । ਸਿੰਘ ਸਦਾਉਣ ਵਾਲਿਆਂ ਨੇ ਆਪਣੀਆਂ ਮਾਵਾਂ ਧੀਆਂ ਭੈਣਾਂ ਨੂੰ ਲਾਲੀਆਂ,

ਕਿਰਾੜੀਆਂ ਬਣਾ ਕੇ ਹੀ ਰਖਿਆ ਹੋਇਆ ਸੀ। ਉਹਨਾਂ ਵਿਚ ਸਾਹਸ ਨਹੀਂ ਸੀ ਸਿੰਘਣੀਆਂ ਵਾਲੇ। ਉਹਨਾਂ ਅੰਦਰ ਸੂਰਬੀਰਤਾ ਹੀ ਨਹੀਂ ਸੀ ਰਹੀ। ਓਹ ਤਾਂ ਹਿੰਦਣੀਆਂ ਤੋਂ ਭੀ ਵਧ ਕੇ ਸ਼ੁਕੀਨ ਗੁੱਡੀਆਂ ਪਟੋਲੀਆਂ ਬਣੀਆਂ ਹੋਈਆਂ ਸਨ। ਪੋਠੋਹਾਰ ਵਿਚ ਜੋ ਐਸ਼ੋ-ਇਸ਼ਰਤ ਦਾ ਬਜ਼ਾਰ ਗਰਮ ਸੀ, ਉਸ ਨੇ ਸੂਰਬੀਰਤਾ ਵਾਲੇ ਸਾਹਸ ਨਰਮ (ਕਮਜ਼ੋਰ) ਕਰ ਦਿਤੇ ਹੋਏ ਸਨ। ਨਾ ਹੀ ਸਿਖ-ਪਰਵਾਰਾਂ ਦੀਆਂ ਘਰ-ਬਾਰਨਾਂ ਅੰਦਰ ਖ਼ੁਦ ਆਪਣਾ ਬਚਾਉ ਕਰਨ ਦੀ ਬੀਰਤਾ ਸੀ, ਨਾ ਹੀ ਫ਼ੈਸ਼ਨ-ਪ੍ਰਸਤ ਸਿੰਘਾਂ ਅੰਦਰ ਸੱਚੀ ਸੂਰਬੀਰਤਾ-ਭਰੀ ਮਰਦਾਨਗੀ ਦਾ ਜੁੱਸਾ ਰਿਹਾ ਸੀ। ਨਹੀਂ ਤੇ ਕਿਸੇ ਦੀ ਮਕਦੂਰ (ਮਜਾਲ) ਸੀ ਕਿ ਅਸਾਡੀਆਂ (ਖ਼ਾਲਸਾ ਪੰਥ ਦੀਆਂ) ਫ਼ੀਮੇਲਜ਼ (ਬਹੂ ਬੇਟੀਆਂ) ਨੂੰ ਭੀ ਜ਼ਾਲਮ ਜਰਵਾਣੇ ਫੜ ਕੇ ਲੈ ਜਾਂਦੇ ਅਤੇ ਹਿੰਦਣੀਆਂ ਦੇ ਖੰਧੇ ਹੀ ਰਲਾ ਦਿੰਦੇ।

ਆਹ ! ਕੈਸੀ ਅਧੋਗਤੀ ਵਾਲੀ ਗੱਲ ਹੈ ਕਿ ਜਿਸ ਖ਼ਾਲਸਾ ਕੌਮ ਨੇ, ਸੂਰਬੀਰ ਸਿੰਘਾਂ ਅਤੇ ਸਿੰਘਣੀਆਂ ਨੇ, ਮਜ਼ਲੂਮ ਹਿੰਦੂਆਂ ਦੀਆਂ ਅਬਲਾਵਾਂ ਨੂੰ ਛੁਡਾ ਕੇ ਲਿਆਉਣਾ ਸੀ, ਉਹ ਨਸਲ ਅਜ ਕਲ੍ਹ ਅਜਿਹੀ ਖੱਸੀ ਅਤੇ ਨਮਰਦ ਹੋਈ ਹੋਈ ਹੈ ਕਿ ਆਪਣੀਆਂ ਅਤੇ ਗ਼ੈਰਾਂ ਮਜ਼ਲੂਮਾਂ ਨੂੰ ਜਰਵਾਣਿਆਂ ਦੀ ਕੈਦ ਚੋਂ ਛੁਡਾ ਕੇ ਲਿਆਉਣ ਦੀ ਹਿੰਮਤ ਹੀ ਨਹੀਂ ਰਖਦੀ। ਰੱਖਣ ਵੀ ਕਿਵੇਂ ਜਦੋਂ ਇਹਨਾਂ ਵਿਚ ਹਿੰਮਤ ਹੀ ਨਹੀਂ ਰਹੀ, ਖ਼ਾਲਸਈ ਜਜ਼ਬਾ ਹੀ ਨਹੀਂ ਰਿਹਾ। ਨਿਪੁੰਸਕ ਸ਼ਾਂਤਮਈ ਦੇ ਅਕੀਦਤਮੰਦ ਹੋ ਰਹੇ ਹਨ। ਸ੍ਰੀ ਦਸਮੇਸ਼ ਦਰਸਾਈ ਰਹਿਤ-ਰਹਿਣੀ ਦੇ ਕਾਇਲ ਹੀ ਨਹੀਂ ਰਹੇ। ਗੁਰਮਤਿ ਉਚਿ ਐਜੀ ਸੂਰਮਤਾ ਹੀ ਨਹੀਂ ਰਹੀ। ਨਾਮ ਬਾਣੀ ਦੀ ਕਮਾਈ ਦੇ ਆਤਮ-ਕਲਾ-ਸੰਧੂਰੇ ਜੀਵਨ ਹੀ ਨਹੀਂ ਰਹੇ। ਕੁਰਬਾਨੀ ਦੇ ਮਾਦੇ ਹੀ ਨਹੀਂ ਰਹੇ। ਮਾਦਾ-ਪ੍ਰਸਤੀ ਦੇ ਦੁਬੈਲ ਬਣ ਰਹੇ ਹਨ। ਹਕੂਮਤ ਦੀ ਪੰਜਾਲੀ ਉਹਨਾਂ ਦੇ ਗਲ ਵਿਚ ਐਸੀ ਪਈ ਹੋਈ ਹੈ ਕਿ ਉਹ ਗੁਰੂ-ਘਰ ਨੂੰ ਤਿਲਾਂਜਲੀ ਹੀ ਦੇਈ ਬੈਠੇ ਹਨ। ਗੁਰੂ ਘਰ ਦੀ ਰਹਿਤ ਬਹਿਤ ਨੂੰ ਰਖਣਾ ਉਹ ਆਰ (ਸ਼ਰਮ) ਅਤੇ ਨੀਵਾਂ ਸੁਆਰ

ਸਮਝਦੇ ਹਨ। ਵਜ਼ੀਰੀਆਂ ਅਮੀਰੀਆਂ ਦੇ ਚਸਕੇ ਵਾਲਿਆਂ ਅੰਦਰ ਕੁਰਬਾਨੀ ਦਾ ਜਜ਼ਬਾ ਰਹਿੰਦਾ ਹੀ ਨਹੀਂ। ਇਹ ਤਾਂ ਸ੍ਰੀ ਦਸਮੇਸ਼ ਪਿਤਾ ਦੇ ਦਰਸਾਏ ਪੂਰਨਿਆਂ ਉਤੇ ਚਲ ਕੇ ਹੀ ਰਹਿ ਸਕਦਾ ਹੈ। ਫ਼ੈਸ਼ਨ-ਪ੍ਰਸਤ ਸਿਖਾਂ ਨੇ ਪੰਥ ਦਾ ਅਰਧ ਅੰਗ (ਅੱਧਾ ਹਿੱਸਾ) ਤਾਂ ਕਟਾ ਕੇ ਕੁਟਲਤਾ ਦਾ ਵੇਸਧਾਰੀ ਬਣਾ ਦਿਤਾ ਹੈ। ਸਿੰਘਣੀਆਂ ਵਾਲੀ ਰਹਿਤ ਤੋਂ ਸੁੰਞੀਆਂ ਢਾਂਡੀਆਂ ਮਾਵਾਂ ਕਦੇ ਸੂਰਬੀਰਤਾ ਵਾਲੀ ਸਪਿਰਟ ਭਰੀ ਸੰਤਾਨ ਪੈਦਾ ਕਰ ਸਕਦੀਆਂ ਹਨ ? ਕਦਾਚਿਤ ਨਹੀਂ । ਅਤੇ ਸਬਜ਼-ਫ਼ੈਸ਼ਨੀ ਲਾਅਨਤ ਅਸਾਡੀ ਜ਼ਨਾਨੀਅਤ ਅੰਦਰ ਅਕਾਲੀ ਲਹਿਰ ਦੇ ਮੁੱਢ ਤੋਂ ਹੀ ਪੈ ਚੁੱਕੀ ਹੈ।

ਅਸਾਨੂੰ ਪੱਕੀ ਤਰ੍ਹਾਂ ਯਾਦ ਹੈ ਕਿ ੧੯੧੪ ਤੋਂ ਪਹਿਲਾਂ ਗੁਰੂ-ਘਰ ਦੇ ਦੀਵਾਨਾਂ ਸਮਾਗਮਾਂ ਵਿਚ ਦਸਤਾਰੇ ਵਾਲੀਆਂ ਸਿੰਘਣੀਆਂ ਭੁਝੰਗਣਾਂ ਦੀ ਹੀ ਬਹੁਤਾਤ ਹੋਇਆਂ ਕਰਦੀ ਸੀ, ਜਿਨ੍ਹਾਂ ਨੂੰ ਦੇਖ ਕੇ ਦਸਤਾਰ-ਹੀਣ ਯੁਵਤੀਆਂ ਲਜਿਆਵਾਨ ਹੋ ਕੇ ਦਸਤਾਰ ਧਾਰਨ ਕਰ ਲੈਂਦੀਆਂ ਸਨ। ਜੋ ਲਜਿਆ ਅਜ ਅਸਾਡੀਆਂ ਧੀਆਂ ਭੈਣਾਂ ਆਨਮਾਤਣਾਂ ਨੂੰ ਦੇਖ ਕੇ ਖਾਂਦੀਆਂ ਹਨ ਅਤੇ ਉਹਨਾਂ ਦੀ ਕੁਰਹਿਤ ਧਾਰਣਾ ਦੇ ਵਹਿਣ ਵਿਚ ਹੀ ਰੁੜ੍ਹ ਜਾਂਦੀਆਂ ਹਨ, ਉਹ ਲਜਿਆ ਓਦੋਂ ਦਸਤਾਰ-ਸਜੀਲੀ ਸਿੰਘਣੀਆਂ ਭੁਝੰਗਣਾਂ ਦੇ ਦਲਾਂ ਦੇ ਦਲ ਦੇਖ ਕੇ ਅਨਮਤਣਾਂ, ਜਾਂ ਅਨਮਤਣਾਂ ਦੀ ਰੀਸ-ਘੜੀਸੀ ਬਣਿ ਬੈਠੀਆਂ ਦਸਤਾਰ-ਹੀਣੀਆਂ ਕੁਰਹਿਤਣਾਂ ਸਿਖ ਬੀਬੀਆਂ ਖਾਂਦੀਆਂ ਹੁੰਦੀਆਂ ਸਨ।

ਅਸੀਂ ਜਦੋਂ ਸੋਲ੍ਹਾਂ ਸਾਲ ਦੀ ਜੇਲ੍ਹ-ਯਾਤਰਾ ਤੋਂ ਅਯਾਤ੍ਰ ਹੋ ਕੇ ੧੯੩੦ ਵਿਚਿ ਵਾਪਸ ਬਾਹਰ ਆਏ ਤਾਂ ਆਸਾਡੀ ਹੈਰਾਨਗੀ ਦੀ ਹੱਦ ਨਾ ਰਹੀ ਜਦੋਂ ਅਸੀਂ ਟਾਵੀਆਂ ਟਾਵੀਆਂ ਬੀਬੀਆਂ ਭੈਣਾਂ ਦੇ ਸਿਰਾਂ ਤੇ ਹੀ ਦਸਤਾਰਾਂ ਦੇਖੀਆਂ। ਰਾਵਲਪਿੰਡੀ ਦੀ ਵਿਸਿਨਿਟੀ (vicinity) ਵਾਲਾ ਕ੍ਰੀਮਤ-ਮੰਡਲ ਮਹਾਜ਼ ਤਾਂ ਸਾਰੇ ਦਾ ਸਾਰਾ ਹੀ ਦਸਤਾਰ-ਹੀਣਤਾ ਦੀ ਕੁਰਹਿਤਤਾ ਦੇ ਵਹਿਣ ਵਿਚ ਹੀ ਰੁੜ੍ਹਿਆ ਦੇਖਿਆ। ੧੯੧੪ ਤੋਂ ਪਹਿਲਾਂ

ਪੋਠੋਹਾਰ ਦੇ ਪਰਵਾਰਾਂ ਦੇ ਪਰਵਾਰ ਤਿਆਰ ਬਰਤਿਆਰ ਰਹਿਤਵਾਨ ਦਸਤਾਰਧਾਰੀ ਜੋ ਅਸੀਂ ਦੇਖਦੇ ਹੁੰਦੇ ਸਾਂ ਉਸਦਾ ਨਮੂਜ (ਨਿਸ਼ਾਨ) ਨਾ ਰਿਹਾ। ਮਾਝੇ ਵਿਚ ਭੀ ਜੋ ਦਸਤਾਰ-ਰਹਿਤਣ ਬੀਬੀਆਂ ਭੁਝੰਗਣਾਂ ਦਾ ਜ਼ੋਰ ਸ਼ੋਰ ਅਸੀਂ ਦੇਖਦੇ ਹੁੰਦੇ ਸਾਂ, ਉਹ ਭੀ ਜਦੋਂ ਨਾ ਦਿਸਿਆ ਤਾਂ ਬੜੀ ਹੀ ਮਾਯੂਸੀ ਹੋਈ। ਕੈਰੋਂ ਦੇ ਕੰਨਿਆ ਵਿਦਿਆਲਾ ਦੀਆਂ ਕਈ ਸੈਂਕੜੇ ਵਿਦਿਆਰਥਣਾਂ ਦੇ ਦਲਾਂ ਦੇ ਦਲ ਜੋ ਅਸੀਂ ਦਸਤਾਰ-ਸਸ਼ੋਭਤੀ ਦੀਦਾਰਿਆਂ ਵਿਚ ਦੇਖਦੇ ਹੁੰਦੇ ਸਾਂ, ਉਥੇ ਨਮੂਦ ਮਾਤਰ ਭੀ ਦਸਤਾਰਾ ਨਾ ਰਿਹਾ। ਹਾਂ ਮਾਝਾ ਸੈਂਟਰਲ ਦੀਵਾਨ ਅਤੇ ਗੜਗੱਜ ਜਥੇ ਦੇ ਪਰਵਾਰਾਂ ਵਿਚ ਦਸਤਾਰ ਦੀ ਗੁਰਮਤਿ ਨਿਸ਼ਾਨੀ ਕਾਇਮ ਦਾਇਮ ਦੇਖ ਕੇ ਚਿਤ ਬੜਾ ਹੀ ਪ੍ਰਸੰਨ ਹੋਇਆ, ਪਰ ਉਹ ਪਰਸੰਨਤਾ ਨਾ ਰਹੀ ਜੋ ੧੯੧੪ ਤੋਂ ਪਹਿਲਾਂ ਸੀ।

ਤੁਸੀਂ ਸਮਝ ਲਵੋ ਕਿ ਜਿਨ੍ਹਾਂ ਪਰਵਾਰਾਂ ਦੀਆਂ, ਤਿੰਨ ਤਿੰਨ ਸੌ ਚਾਰ ਚਾਰ ਸੌ ਭੁਝੰਗਣਾਂ ਕੈਰੋਂ ਆਸ਼੍ਰਮ ਵਿਚ ਦਸਤਾਰ ਧਾਰੀ ਸਨ, ਕੀ ਉਹਨਾਂ ਪਰਵਾਰਾਂ ਦੀਆਂ ਸਮੂਚੀਆਂ ਜ਼ਨਾਨੀਆਂ ਦਸਤਾਰਧਾਰੀ ਨ ਹੋਣਗੀਆਂ ? ਮਾਲਵਾ ਤਾਂ ਓਦੋਂ ਦਸਤਾਰਧਾਰੀ ਰਹਿਤ ਦਾ ਮਰਕਜ਼ ਬਣਿਆ ਹੋਇਆ ਸੀ। ਜਥਿਆਂ ਦੇ ਜਥੇ, ਪਰਵਾਰਾਂ ਦੇ ਪਰਵਾਰ, ਸਿੰਘਾਂ ਦੇ ਪਿੰਡਾਂ ਵਿਚ, ਕੀ ਇਸਤ੍ਰੀ ਕੀ ਮਰਦ ਦਸਤਾਰਧਾਰੀ ਹੀ **ਦਿਸਦੇ** ਸਨ। ਜਿਸ ਪੰਚਖੰਡ ਵਿਦਿਆ ਭੰਡਾਰ ਵਿਚੋਂ ਸਹੰਸਰ ਬੀਬੀਆਂ ਦਸਤਾਰ ਪੰਜ ਕਕਾਰ ਦੀਆਂ ਰਹਿਤਵਾਨ ਹੋ ਕੇ ਨਿਕਲੀਆਂ, ਤਿਨ੍ਹਾਂ ਨੇ ਆਪੋ ਆਪਣੇ ਪਿੰਡਾਂ ਵਿਚ ਜਾ ਕੇ ਪ੍ਰਚਾਰ ਕਰ ਕਰ ਕੇ ਅਣਗਿਣਤ ਗਿਣਤੀ ਵਿਚ ਦਸਤਾਰ-ਹੀਣ ਬੀਬੀਆਂ ਦੇ ਦਸਤਾਰੇ ਸਜਾਏ। ਇਸ ਬਿਧਿ ਕਕਾਰ-ਹੀਣਾਂ ਦੇ ਪੰਜ ਕਕਾਰ ਪੂਰੇ ਕੀਤੇ। ਪ੍ਰਚਾਰ ਕਰਨ ਦੀ ਓਦੋਂ ਲੋੜ ਹੀ ਨਹੀਂ ਸੀ। ਦਸਤਾਰ-ਸਜੀਲੀਆਂ ਬੀਬੀਆਂ ਭੁਝੰਗਣਾਂ ਦੇ ਦਲਾਂ ਦੇ ਦਲ ਦੇਖ ਕੇ ਆਮੁਹਾਰੀਆਂ ਹੁੱਬਾਂ ਹਰੇਕ ਬੀਬੀ ਦੇ ਹਿਰਦੇ ਵਿਚ ਉਪਜਦੀਆਂ ਸਨ ਕਿ ਦਸਤਾਰਾ ਸਜਾਈਏ। ਪੰਚ ਖਾਲਸਾ ਦੀਵਾਨ ਦੇ ਪੰਚਖੰਡ ਵਿਦਿਆ

ਭੰਡਾਰ ਦੀਆਂ ਦਸਤਾਰ-ਸਸ਼ੋਭਤੀ ਭੁਝੰਗਣਾਂ ਦੀ ਨੇਕ ਮਿਸਾਲ ਦੇ ਪੂਰਨੇ ਪਏ ਦੇਖ ਕੇ ਜਸਪਾਲੋਂ ਦੇ ਕੰਨਿਆ ਵਿਦਿਆ ਆਸ਼੍ਰਮ ਦੇ ਕਈ ਸੈਂਕੜੇ ਵਾਲੀ ਗਿਣਤੀ ਦੀਆਂ ਬੀਬੀਆਂ ਭੀ ਦਸਤਾਰ-ਧਾਰੀ ਗੁਰਮਤਿ-ਕਕਾਰੀ ਰਹਿਤ ਵਿਚ ਪਰੀਪੂਰਨ ਹੋ ਗਈਆਂ। ਲਾਇਲਪੁਰ ਜ਼ਿਲ ਦੇ ਬਾਰ ਇਲਾਕੇ ਦੇ ਪਰਵਾਰਾਂ ਦੇ ਪਰਵਾਰ ਨਾ ਸਿਰਫ਼ ਦਸਤਾਰ-ਧਾਰੀ ਰਹਿਤ ਸੇਤੀ ਸੁਭਾਇਮਨ ਸਨ, ਬਲਕਿ ਰਹਿਤ ਬਿਬੇਕ ਸਰਬਲੋਹ ਦੀ ਧਾਰਨਾ ਦੇ ਭੀ ਧਾਰਨੀ ਸਨ। ਪਰ ਸਾਡੇ ਬਾਹਰ ਆਉਂਦਿਆਂ ਤਾਈਂ ਖ਼ਬਰ ਨਹੀਂ ਕੀ ਬਾਕਾ ਵਰਗ (ਭਾਣਾ ਵਰਤ) ਗਿਆ ਕਿ ਇਹ ਦਸਤਾਰ-ਧਾਰੀ ਰਹਿਤ ਬਹਿਤ ਵਾਲੀ ਜਥੇਬੰਦੀ ਪਰਵਾਰ ਸਾਧਾਰਨੀ ਗੁਰਮੁਖ-ਤਾਈ ਸਭ ਖੇਰੂੰ ਖੇਰੂੰ ਹੋ ਗਈ। ਇਸ ਰਹਿਤ ਧਾਰਨਾ ਦੇ ਖ਼ਾਸ ਮਰਕਜ਼ (ਕੇਂਦਰ) ਵਿਚ ਕਮਜ਼ੋਰੀ ਵਾਲੀ ਐਸੀ ਘਾਟ ਦਿਸੀ ਕਿ ਟਾਵੀਆਂ ਟਾਵੀਆਂ ਮਿਸਾਲਾਂ ਹੀ ਬਾਕੀ ਰਹਿ ਗਈਆਂ। ਕਿਰਾੜਮਤੀ ਦਾ ਫੇਰ ਜ਼ੋਰ ਪੈ ਗਿਆ। ਗੁਰੂ ਕੀ ਰਹਿਤ ਬਹਿਤ ਰੱਖਣ ਦਾ ਧਿਆਨ ਹੀ ਕਿਸੇ ਨੂੰ ਨਾ ਰਹਿਆ। ਕੇਵਲ ਕਾਲੀਆਂ ਦਸਤਾਰਾਂ ਸਜਾਉਣ ਨੂੰ ਹੀ ਜਮੂਚੀ ਰਹਿਤ ਬਹਿਤ ਸਮਝਿਆ ਗਿਆ। ਏਹ ਭੀ ਮਰਦਾਂ ਦੇ ਤਬਕੇ ਵਿਚ ਹੀ। ਇਸਤ੍ਰੀਆਂ ਫੇਰ ਭੀ ਸੁੰਞੀਆਂ ਦੀਆਂ ਸੁੰਞੀਆਂ ਹੀ ਦਿਸੀਆਂ ਇਸ ਰਹਿਤ ਖੁਣੋਂ। ਅਫ਼ਸੋਸ ਕਿ ਅਜ ਦੇ ਅਕਾਲੀ ਲੀਡਰ ਇਸ ਗੁਰੂ-ਦਰਸਾਈ ਦਸਤਾਰ ਦੀ ਰਹਿਤ-ਰਹਿਣੀ ਨੂੰ ਨੀਚਾ ਦਿਖਾਉਣ ਉਤੇ ਤੁਲੇ ਹੋਏ ਹਨ।

ਯਾਦ ਰਹੇ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਸੀਨਾ ਬਸੀਨਾ ਅੰਮ੍ਰਿਤ-ਸਿੰਚਾਰੀ ਤੱਤ ਖ਼ਾਲਸਈ ਜਥਿਆਂ ਅੰਦਰ ਪੰਜ ਕਕਾਰਾਂ ਦੀ ਰਹਿਤ ਵਿਚ ਦਸਤਾਰ ਸ਼ਾਮਲ ਰਹੀ ਹੈ ਅਤੇ ਇਸ ਦਸਤਾਰ ਨੂੰ 'ਕੇਸਕੀ' ਦਾ ਖ਼ਿਤਾਬ ਦਿਤਾ ਗਿਆ ਸੀ। ਗੁਰੂ-ਘਰ ਦੇ ਰਹਿਤਨਾਮਿਆਂ ਵਿਚ ਜਿਥੇ ਪੰਜ ਕਕਾਰ ਦਸੇ ਦਰਸਾਏ ਅਤੇ ਦ੍ਰਿੜ੍ਹਾਏ ਗਏ, ਉਥੇ ਇਉਂ ਲਿਖਿਆ ਗਿਆ, ਯਥਾ ਗੁਰੂ ਉਪਦੇਸ਼ ਹਿਤ ਉਪਦੇਸਨੀ ਰਹਿਤਨੀ ਰਹਿਤਨਾਮਾ :

> "ਕਛ, ਕੜਾ, ਕਿਰਪਾਨ, ਕੰਘਾ, ਕੇਸਕੀ ॥
> ਇਹ ਪੰਚ ਕਕਾਰੀ ਰਹਿਤ ਧਾਰੇ ਸਿਖ ਸੋਈ ॥"

ਤੱਤ ਅੰਮ੍ਰਿਤ-ਸਿੰਚਾਰੀ ਪੰਜਾਂ ਪਿਆਰਿਆਂ ਦੇ ਹਿਤ-ਉਪਦੇਸ਼ ਦੁਆਰਾ ਭੀ ਪਰੰਪਰਾ ਤੋਂ ਇਹੀ ਪੰਜ-ਕਕਾਰੀ ਰਹਿਤ ਦ੍ਰਿੜ੍ਹਾਈ ਜਾਂਦੀ ਰਹੀ ਅਤੇ ਹੁਣ ਤਾਈਂ ਦ੍ਰਿੜ੍ਹਾਈ ਜਾਂਦੀ ਹੈ।

'ਕੇਸਕੀ' ਦਾ ਅਰਥ ਕੇਸਾਂ ਨੂੰ ਸੰਭਾਲਣ ਵਾਲੀ ਦਸਤਾਰ ਹੈ। ਜਿਵੇਂ "ਹਰਿ ਸੇਵ ਸੇਵਕ ਸੇਵਕੀ" ਗੁਰਵਾਕ ਅੰਦਰ 'ਸੇਵਕੀ' ਸੇਵਾ ਦੀ ਪੁਤਲੀ, "ਹਰਿ ਰੰਗੁ ਮਾਣੇ ਰੰਗੁਕੀ" ਗੁਰਵਾਕ ਅੰਦਰ 'ਰੰਗੁਕੀ' ਵਾ ਰੰਗਾਂ ਦੀ ਗੁਥਲੀ ਪੋਟਲੀ, ਜਿਵੇਂ 'ਲੂਣਕੀ' ਲੂਣ ਆਦਿ ਮਸਾਲਾ ਸੰਭਾਲਣ ਵਾਲੀ ਨਿਕੀ ਜਿਹੀ ਸੰਦੂਕਚੀ ਨੂੰ ਕਹਿੰਦੇ ਹਨ। ਤਾਂ ਤੇ ਪੰਜਵਾਂ ਕਕਾਰ 'ਕੇਸਕੀ' (ਦਸਤਾਰ) ਹੈ, ਨਾਕਿ ਕੇਸ।

'ਕੇਸਕੀ' ਪਦ ਦੀ ਅਰਥ-ਮਹੱਤਤਾ ਤੋਂ ਅਜਾਣ ਸਿਖਾਂ ਨੇ ਗ਼ਲਤੀ ਨਾਲ 'ਕੇਸਕੀ' ਦੇ ਥਾਉਂ 'ਕੇਸ' ਹੀ ਪੰਜ ਕਕਾਰਾਂ ਵਿਚ ਸ਼ਾਮਲ ਸਮਝ ਲਏ। ਜੈਸੇ ਕਿ ਗ਼ਲਤੀ ਨਾਲ ਛਾਪੇ ਦੀ ਡਿਸਮਿਸਤਾ (ਟੁਟ ਫੁਟ) ਕਰਕੇ ਰਹਿਤਨਾਮਿਆਂ ਵਿਚਿ ਲਿਖੇ ਪੰਚ ਕਕਾਰੀ ਸ਼੍ਰੇਣੀ ਦੇ ਅੰਕ 'ਕੇਸਕੀ' ਨੂੰ ਕਈਆਂ ਅਣਜਾਣਾਂ ਨੇ 'ਕੇਸਰੀ' ਹੀ ਉਠਾਇਆ ਹੈ। ਕਕੇ ਅੱਖਰ ਦੀ ਜਗ੍ਹਾ ਰਾਰਾ ਉਠਾਇਆ। ਸੋ ਕੇਸ ਅਤੇ ਕੇਸਰੀ ਦੋਈ ਪਦ ਗ਼ਲਤ ਹਨ। ਅਸਲ ਪੰਚ ਕਕਾਰੀ ਪਦ 'ਕੇਸਕੀ' ਹੈ, ਜਿਸਦਾ ਸਪੱਸ਼ਟ ਅਰਥ ਦਸਤਾਰ ਹੈ।

ਕੇਸਾਂ ਦੀ ਧਾਰਨਾ ਤਾਂ ਵੱਡੀਆਂ ਚਾਰ ਕੁਰਹਿਤਾਂ ਵਿਚ ਆ ਗਈ। ਉਸਨੂੰ ਮੁੜ ਪੰਜ-ਕਕਾਰੀ ਰਹਿਤ ਵਿਚ ਲਿਆਉਣ ਦੀ ਲੋੜ ਹੀ ਨਹੀਂ। ਕੇਸ ਧਾਰਨੇ ਖ਼ਾਲਸਾ ਜੀ ਦੀ ਮੁਖ ਕੁਦਰਤੀ ਰਹਿਤ ਹੈ। ਇਸ ਰਹਿਤ ਨੂੰ ਨਾ ਧਾਰਨ ਕਰਕੇ ਤਾਂ ਸਿਖ ਪਤਿਤ ਹੋ ਜਾਂਦਾ ਹੈ। ਪੰਜ-ਕਕਾਰੀ ਰਹਿਤ ਦੇ ਕਿਸੇ ਅੰਗ ਤੋਂ ਹੀਣ ਹੋਇਆਂ ਸਿਖ ਪਤਿਤ ਨਹੀਂ ਗਰਦਾਨਿਆਂ ਜਾਂਦਾ, ਤਨਖ਼ਾਹੀਆ ਸਮਝਿਆ ਜਾਂਦਾ ਹੈ। ਦੂਜੇ ਵਡੀ ਗੱਲ ਇਹ ਹੈ ਕਿ ਪੰਜ ਕਕਾਰ ਪੰਜੇ ਹੀ ਬਹਿਰੂਨੀ ਚਿੰਨ੍ਹ ਹਨ, ਸਰੀਰ ਅੰਗ-ਜੁੜਵੇਂ ਨਹੀਂ, ਜੈਸੇ ਕਿ ਕੇਸ ਹਨ। ਕੇਸ ਤੇ ਸਰੀਰ ਦੇ ਨਾਲ ਅੰਗਵੇਂ ਹੀ

ਅੰਦਰੂਨੀ ਲੁਆਜ਼ਮੇ (ਉਪਜ) ਹਨ। ਕਛ ਭੀ ਬਹਿਰੂਨੀ (ਬਾਹਰ ਦੇ ਬਸਤਰ ਤੋਂ ਪ੍ਰਾਪਤਿ ਕੀਤਾ) ਕਕਾਰ, ਬਾਹਰ ਦੇ ਪਹਿਰਾਵੇ ਵਾਲਾ ਕਕਾਰ, ਕੜਾ ਭੀ ਸਰਬ ਲੋਹ ਦਾ ਅੰਗਿ ਸਜਾਇਆ ਬਾਹਰੀ ਪਹਿਰਾਵੇ ਵਾਲਾ ਕਕਾਰ, ਕਿਰਪਾਨ ਭੀ ਬਾਹਰੋਂ ਸ਼ਸਤਰੀ ਧਾਰਨ ਵਾਲਾ ਬਹਿਰੂਨੀ-ਪਹਿਰਾਵੀਆ ਕਕਾਰ, ਕੰਘਾ ਭੀ ਕੇਸਾਂ ਦੀ ਸਫ਼ਾਈ ਲਈ ਬਹਿਰੂਨੀ ਕਕਾਰ, ਪੰਜਵਾਂ ਕਕਾਰ ਕੇਸਕੀ (ਦਸਤਾਰ) ਭੀ ਬਾਹਰ ਬਸਤ੍ਰਾਵੀ ਕਕਾਰ।

'ਕੇਸ' ਤਾਂ ਕਦਾਚਿਤ ਕਕਾਰਾਂ ਵਿਚ ਸ਼ਾਮਲ ਹੋ ਹੀ ਨਹੀਂ ਸਕਦੇ, ਜੋ ਸਰੀਰ ਦੇ ਅੰਦਰੋਂ ਹੀ ਉਪਜੇ ਹਨ। ਅੰਗੋਂ ਹੀ ਉਗਵੇ ਹਨ ਅਤੇ ਅੰਗ ਸੰਗ ਹੀ ਨਿਭਣਗੇ। ਸਿਖੀ ਹੀ ਕੇਸਾਂ ਸੁਆਸਾਂ ਨਾਲ ਹੈ। ਜੈਸੇ ਸੁਆਸਾਂ ਬਿਨਾਂ ਸਰੀਰ ਕਾਇਮ ਨਹੀਂ ਰਹਿ ਸਕਦਾ ਤੈਸੇ ਕੇਸਾਂ ਬਿਨਾਂ ਸਿੱਖੀ ਕਾਇਮ ਨਹੀਂ ਰਹਿ ਸਕਦੀ। ਕੇਸ-ਵਿਹੂਣਾ ਸਿੱਖ 'ਸਿੱਖ' ਹੀ ਨਹੀਂ ਰਹਿ ਸਕਦਾ, ਪਤਿਤ ਹੋ ਜਾਂਦਾ ਹੈ। ਜੈਸੇ ਸੁਆਸਾਂ ਬਿਨਾਂ ਸਰੀਰ ਕਾਇਮ ਨਹੀਂ ਰਹਿ ਸਕਦਾ, ਤੈਸੇ ਕੇਸਾਂ ਬਿਨਾਂ ਸਿਖੀ ਭੀ ਕਾਇਮ ਨਹੀਂ ਰਹਿ ਸਕਦੀ। ਗੁਰਸਿਖਾਂ ਲਈ ਕੇਸ ਤਾਂ ਸੁਆਸਾਂ ਪ੍ਰਾਣਾਂ ਤੋਂ ਭੀ ਪਿਆਰੇ ਹਨ। ਤਾਂ ਹੀ ਤਾਂ ਅਰਦਾਸ ਵਿਚ ਆਖਿਆ ਜਾਂਦਾ ਹੈ "ਸਿਖੀ ਕੇਸਾਂ ਸੁਆਸਾਂ ਨਾਲਿ ਨਿਭੇ"। ਕੇਸਾਂ ਦੀ ਬਹਿਰਾਵੀ ਕਕਾਰ-ਰਹਿਤ ਦੇ ਪੰਜ ਕਕਾਰਾਂ ਦਾ ਅੰਗ ਸਮਝਣਾ, ਕੇਸਾਂ ਦੀ ਮਹੱਤਤਾ ਨੂੰ ਘਟਾਉਣਾ ਹੈ। ਤਾਂ ਤੇ ਗੁਰਮਤਿ ਰਹਿਤ ਰਹਿਣੀ ਅਨੁਸਾਰ 'ਕਛ ਕੜਾ ਕਿਰਪਾਨ ਕੰਘਾ ਕੇਸਕੀ' ਪੰਜ ਕਕਾਰਾਂ ਦਾ ਹਰ ਦੰਮ ਅੰਗਿ ਸੰਗਿ ਰਖਣਾ ਹਰ ਇਕ ਗੁਰਸਿਖ ਲਈ ਲਾਜ਼ਮੀ ਹੈ। ਪਰ ਏਹਨਾਂ ਕਕਾਰਾਂ ਵਿਚ ਕੋਈ ਕਕਾਰ ਸੁਤੇ ਸੁਭਾਵ ਅਜਾਣੇ ਹੀ ਸਰੀਰ ਤੋਂ ਅਲਹਿਦਾ ਭੀ ਹੋ ਸਕਦਾ ਹੈ, ਜਿਸ ਦੀ ਮੁੜ ਅਰਦਾਸ ਹੋ ਕੇ ਤਨਖ਼ਾਹ ਬਖ਼ਸ਼ਾਈ ਜਾਂਦੀ ਹੈ। ਪਰ ਕੇਸਾਂ ਤੋਂ ਰਹਿਤ ਹੋਇਆਂ ਤਾਂ ਮੁੜਿ ਅੰਮ੍ਰਿਤ ਛਕਣਾ ਪੈਂਦਾ ਹੈ, ਕਿਉਂਕਿ ਕੇਸ-ਹੀਣ ਸਿਖ ਪਤਿਤ ਹੋ ਜਾਂਦਾ ਹੈ। ਕੇਸ ਸਰੀਰ ਤੋਂ ਅਲਹਿਦਾ ਨਹੀਂ ਕੀਤੇ ਜਾ ਸਕਦੇ, ਸੁਤੇ ਸੁਭਾਵ ਜਾਂ ਅੰਞਾਣਤਾ ਵਿਚ ਲਾਭੇ ਨਹੀਂ ਹੋ

ਸਕਦੇ। ਜਦੋਂ ਹੋਣਗੇ ਤਾਂ ਮਿਥ ਕੇ, ਜਾਣ ਕੇ ਹੋਣਗੇ ਜਾਂ ਜਬਰਨ ਅਲਹਿਦਾ ਕੀਤੇ ਜਾਣਗੇ।

ਤਾਂ ਤੇ ਬੜੀ ਭਾਰੀ ਭੁਲ ਇਹ ਵਰਤਤੀਂਦੀ ਚਲੀ ਆਈ ਹੈ ਕਿ ਪੰਜ ਕਕਾਰਾਂ ਦੀ ਗਿਣਤੀ ਵਿਚ 'ਕੇਸਕੀ' ਦੇ ਥਾਉਂ ਕੇਸਾਂ ਨੂੰ ਗਿਣਿਆ ਜਾਂਦਾ ਰਿਹਾ ਹੈ। ਏਸੇ ਵੱਡੀ ਭੁੱਲ ਦੇ ਕਾਰਨ ਕੇਸਕੀ (ਦਸਤਾਰ) ਦੀ ਧਾਰਨਾ ਗੁਰੂ ਪੰਥ ਦੇ ਇਸਤ੍ਰੀ-ਅੰਗ ਦੀ ਕਕਾਰ ਧਾਰਨਾ ਵਲੋਂ ਢਿਲੀ ਪਈ। ਦਸਤਾਰ (ਕੇਸਕੀ) ਨੂੰ ਕਕਾਰਾਂ ਵਿਚ ਜ਼ਰੂਰੀ ਨਹੀਂ ਸਮਝਿਆ ਜਾਂਦਾ ਰਿਹਾ। ਐਸਾ ਸਮਝਣਾ ਹੀ ਕਜ-ਫ਼ਹਿਮੀ ਹੈ। ਜੇ ਕਜ-ਫ਼ਹਿਮੀ ਨਾ ਹੁੰਦੀ ਤਾਂ ਸਿਖਾਂ ਮਰਦਾਂ ਲਈ ਦਸਤਾਰ ਕਿਉਂ ਜ਼ਰੂਰੀ ਸਮਝੀ ਜਾਂਦੀ। ਇਹ ਤਾਂ ਅਨਮਤੀਆਂ ਦੀ ਰੀਸੇ, ਫੈਸ਼ਨਪ੍ਰਸਤੀ ਦੀ ਕੁਰੀਤੇ, ਕੇਵਲ ਇਸਤ੍ਰੀ ਸਿੱਖ-ਜਾਮੇ ਤੋਂ ਹੀ ਜਾਣ ਬੁਝ ਕੇ ਅਲਹਿਦਾ ਸਮਝੀ ਗਈ ਹੈ।

ਆਮ ਅਤੇ ਲੋਕ-ਲਾਜ-ਗ੍ਰਸਤ ਨਕਲੀ ਸਿਖਾਂ ਨੂੰ ਇਹ ਫ਼ਾਲਤੂ ਵਹਿਮ ਪਿਆ ਹੋਇਆ ਹੈ ਕਿ ਇਸਤ੍ਰੀਆਂ ਦੇ ਸੀਸ ਤੇ ਦਸਤਾਰ ਸਜਾਇਆਂ ਇਸਤ੍ਰੀ ਦਾ ਇਸਤ੍ਰੀਅਤ ਨਹੀਂ ਰਹਿੰਦਾ, ਜੈਸਾ ਕਿ ਕਈ ਮੂਰਖਾਂ, ਅਨੇਕਾਂ ਅਹਿਮਕਾਂ ਦਾ ਇਹ ਵਹਿਮ ਸੀ ਕਿ ਇਸਤ੍ਰੀਆਂ ਦਾ ਨਕ ਕੰਨ ਛੇਦੇ ਬਿਨਾਂ ਅਤੇ ਹੋਰ ਗਹਿਣੇ ਪਹਿਨਾਏ ਬਿਨਾਂ ਤ੍ਰੀਮਤਾਂ ਦਾ ਤ੍ਰੀਮਤ, ਤੀਵੀਂ-ਪਣਾ, ਇਸਤ੍ਰੀ-ਪਣਾ ਨਹੀਂ ਰਹਿੰਦਾ। ਇਸਤ੍ਰੀ-ਪਣਾ ਤਾਂ ਕੁਦਰਤੀ ਅੰਗਾਂ ਕਰਕੇ ਹੈ, ਨਾ ਕਿ ਬਨਾਵਟੀ ਸਜਾਵਟ (ਆਰਾਇਸ਼ ਪੈਰਾਇਸ਼) ਕਰਕੇ ? ਲਿੰਗ-ਭੇਦ ਕਰਕੇ ਇਸਤ੍ਰੀ 'ਇਸਤ੍ਰੀ' ਹੀ ਰਹੇਗੀ। ਇਸਤ੍ਰੀ ਦੀ ਜ਼ਾਹਰਾ ਪਛਾਣ ਸਰੀਰ ਦੀ, ਖ਼ਾਸ ਕਰ ਛਾਤੀ ਦੀ ਕੁਦਰਤੀ ਬਨਾਵਟ ਨੇ ਹੀ ਵਿਲੱਖਣ ਕਰਿ ਛਡੀ ਹੋਈ ਹੈ। ਇਸਤ੍ਰੀ ਦੇ ਮੁਖ ਉਤੇ ਦਾੜ੍ਹੀ ਮੁਛਾਂ ਕੁਦਰਤਨ ਆਉਂਦੀਆਂ ਹੀ ਨਹੀਂ। ਮਰਦ ਇਸਤ੍ਰੀ ਦੀ ਯੁਵਕਤਾ ਦੀ ਇਹ ਪ੍ਰਤੱਖ ਪਹਿਚਾਣ ਹੈ। ਆਪੋਂ ਸਹੇੜੀ ਬਨਾਵਟੀ ਪਛਾਣਾਂ ਦੇ ਪ੍ਰਚਾਰ ਕਰਨ ਦੀ ਏਥੇ ਕੀ ਜਾਏ ਹੈ। ਕੇਸਾਂ ਤੇ ਚੂੰਡੇ ਬਣਾਇਆਂ ਯਾ ਗੁਤਾਂ ਲਮਕਾਇਆਂ ਜਾਂ ਦਸਤਾਰ-ਹੀਣ ਕਰਾਇਆਂ ਇਸਤ੍ਰੀਅਤ ਦੀ

ਬਾਹਲੀ ਪਛਾਣ ਹੈ ? ਇਹ ਸਭ ਲਗਵ (ਹੋਛੀਆਂ) ਦਲੀਲਾਂ ਹਨ। ਨਿਰੀ ਨੀਤ-ਫਿੱਟੀ ਵਾਲੀਆਂ ਹੁੱਜਤਾਂ ਹਨ।

ਜ਼ਮਾਨੇ ਦੇ ਵਹਿਣ ਵਿਚ ਰੁੜ੍ਹੇ ਹੋਏ ਫ਼ੈਸ਼ਨ-ਪ੍ਰਸਤ ਸਿਖ ਨਵਯੁਵਕ ਭੀ ਆਪਣੀਆਂ ਅਰਧੰਗੀਆਂ ਨੂੰ ਫ਼ੈਸ਼ਨਦਾਰ ਵਹੁਟੀਆਂ ਬਣਾ ਕੇ ਹੀ ਰਾਜ਼ੀ ਹਨ। ਓਹਨਾਂ ਨੂੰ ਗੁਰਮਤਿ ਦੀ ਪਰਵਾਹ ਹੀ ਨਹੀਂ, ਆਪਣੀ ਮਨ ਦੀ ਮਰਜ਼ੀ (ਮਨਮਤ) ਦੀ ਪਰਵਾਹ ਹੈ। ਜੋ ਘਾਟਾ ਪਾਇਆ ਹੈ, ਅਜਿਹੇ ਪ੍ਰੀਤ ਲੜੀ ਦੇ ਮੂਠੇ ਇਸ਼ਕ-ਬਾਜ਼ਾਂ ਨੇ ਹੀ ਪਾਇਆ ਹੈ। ਓੜਕ ਅਜਿਹੇ ਫ਼ੈਸ਼ਨ-ਪ੍ਰਸਤ ਇਸ਼ਕਬਾਜ਼ ਨਾਮ-ਧ੍ਰੀਕ ਸਿਖੜੇ ਗੁਰਸਿਖੀ ਤੋਂ ਹੀ ਗਿਰ ਜਾਣਗੇ। ਏਹਨਾਂ ਨੂੰ ਸੋਧਣ ਦੀ ਲੋੜ ਹੈ, ਨਾ ਕਿ ਏਹਨਾਂ ਦੀ ਮਰਜ਼ੀ ਦੇ ਅਨੁਸਾਰੀ ਹੋ ਕੇ ਪੰਥ ਨੂੰ ਕੁਲਾਹੇ-ਵੰਤ ਬਣਾਉਣ ਦੀ। ਬਹੁਤਾ ਘਾਟਾ ਤਾਂ ਏਹਨਾਂ ਨੇ ਇਹ ਪਾਇਆ ਹੈ ਕਿ ਇਹ ਸਿੰਘਾਂ ਦੇ ਪੰਥ ਨੂੰ ਨਿਆਰਾ ਨਹੀਂ ਹੋਣ ਦਿੰਦੇ। ਸਮੁਚੀ ਸਿਖ ਕੌਮ ਨੂੰ ਹੋਰਨਾਂ ਕੌਮਾਂ ਵਿਚ ਮਿਲਗੋਭਾ ਰੱਖਣ ਦੇ ਹੀ ਮੂਜਦ (ਕਾਰਨ) ਬਣ ਰਹੇ ਹਨ। ਆਨਮਤੀਆਂ ਦੀਆਂ ਰੀਤੀਆਂ ਕੁਰੀਤੀਆਂ, ਕੁਰਹਿਤਾਂ, ਕਸੂਤੇ ਆਨਮਤੀ ਪਹਿਰਾਵਿਆਂ ਵਿਚ ਇਸਤ੍ਰੀਆਂ ਨੂੰ ਘੁਸੇੜੀ ਫਿਰਦੇ ਹਨ। ਬਹੁਤ ਸਾਰੇ ਐਸੇ ਫੈਸ਼ਨ-ਵਹਿਸ਼ਨੀ, ਕੁ-ਰਸ ਕੁਚਸਕੇਸਨੀ ਅਖੌਤੀ ਸਿਖ ਮਰਦ ਭੀ ਖ਼ੁਦ ਜ਼ਨਾਨੀਆਂ ਵਾਲੀ ਜ਼ਨਾਨੀਅਤ ਦੀ ਜ਼ਹਿਨੀਅਤ ਰਖਣ ਵਾਲੇ ਹਨ।

ਕਾਦਰੇ ਕੁਦਰਤ ਨੇ, ਖ਼ਾਲਸਈ ਖ਼ਲੂਸੀਅਤ ਦੇ ਰਹਿਬਰ ਸੱਚੇ ਹਾਦੀ ਨੇ, ਆਮ ਬਿਗੜੀ ਤਿਗੜੀ ਹੋਈ ਆਦਮੀਅਤ ਦੇ ਲਬੇੜਪਣੇ ਤੋਂ ਨਿਰਲੇਪ ਅਤੇ ਨਿਰਾਲੇ ਰਖਣ ਲਈ ਉਹਨਾਂ ਦੇ (ਸਿਖ ਮਰਦਾਂ ਦੇ) ਮੂੰਹਾਂ ਤੇ ਦਾੜ੍ਹੀਆਂ ਮੁਛਾਂ ਸਜਾਈਆਂ ਰਖਵਾਈਆਂ (ਜੋ ਕੁਦਰਤੋਂ ਹੀ ਰਖੀਆਂ ਆਈਆਂ, ਉਗਵੀਆਂ) . ਪ੍ਰੰਤੂ ਕਾਦਰੀ ਕੁਦਰਤ ਦੇ ਦੁਸ਼ਮਨਾਂ ਦਾੜ੍ਹੀ-ਮੁੱਛ, ਚਟਮੀ ਅਨਮਤੀਆਂ ਦੀ ਲਾਗ ਉਹਨਾਂ ਨੂੰ ਭੀ ਵਿੰਗੇ ਟੇਢੇ ਤਰੀਕੇ ਨਾਲ ਲਗ ਹੀ ਗਈ। ਕੁਦਰਤੀ ਜਨਮ ਸਿਖਾਂ ਦੇ ਘਰ-ਖਾਨਦਾਨ ਵਿਚ ਹੋਣ ਕਰਕੇ ਉਹਨਾਂ ਨੂੰ ਲਾਜ਼ੇ ਕੁਲਾਜ਼ੇ ਦਾੜ੍ਹੀਆਂ ਮੁਛਾਂ ਰਖਣੀਆਂ

ਤਾਂ ਪਈਆਂ, ਪਰੰਤੂ ਤਿਨ੍ਹਾਂ ਦਾ ਵਾਸਾ ਅਨਮਤੀ ਕੁਸੰਗਤ ਵਿਚ ਬਹੁਤਾ ਹੋਣ ਕਰਕੇ, ਤਿਨ੍ਹਾਂ ਨੂੰ ਕੁਸੰਗੀ ਕੁਲੱਛਣ ਲਗ ਹੀ ਗਿਆ। ਉਹ ਗੁਰਮੁਖੀ ਸਿਧਾ ਦਾੜ੍ਹਾ ਸਜਿਆ ਸਜਾਜਿਆ ਰਖਣੋਂ ਕਣਤਾਉਂਦੇ ਹਨ, ਲਾਜ ਖਾਂਦੇ ਹਨ। ਕਈ ਤਾਂ ਦਾੜ੍ਹੀਆਂ ਦੀ ਗਲੂੰਡੀ ਕਰ ਕੇ ਠੋਡੀ ਹੇਠਾਂ ਲੁਕਾ ਲੈਂਦੇ ਹਨ। ਬਹੁਤ ਸਾਰੇ ਦਾੜ੍ਹੀਆਂ ਨੂੰ ਨਰੜ ਕੇ, ਅਜਿਹੀਆਂ ਕਸ ਕੇ ਮੁਸ਼ਕਾਂ ਦਿੰਦੇ ਹਨ ਕਿ ਓਹ ਚਮੜੇ ਦੇ ਨਾਲ ਲਗੀਆਂ ਦਿਸਣ। ਅਨੇਕਾਂ ਫ਼ੈਸ਼ਨ-ਲਬੇੜ ਨਾਮਰਦੂਦ ਸਿਖ ਯੁਵਕਾਂ ਨੇ ਕੋਈ ਨਵ-ਫੈਸ਼ਨੀ ਮਸਾਲਾ ਲਾ ਕੇ ਦਾੜ੍ਹੀਆਂ ਮੁੱਛਾਂ ਨੂੰ ਅਜਿਹਾ ਚਿਮਕਾਉਣ ਦੀ ਭੈੜੀ ਵਾਦੀ ਸਿਖ ਲਈ ਹੈ ਕਿ ਉਹ ਚਿਮਕਾਹਟ ਹਫ਼ਤਿਆਂ ਬਧੀ ਹੀ ਚਿਮਕੀ ਚਿਮੜੀ ਰਹਿੰਦੀ ਹੈ। ਨਾ ਉਹ ਚਿਮਕ ਚਮੇੜ ਵਾਲੀ ਸਹੇੜ ਦੂਰ ਹੋਵੇ ਅਤੇ ਨਾ ਹੀ ਦਾੜ੍ਹੇ ਖੁਲ੍ਹੇ ਰਹਿ ਸਕਣ। ਕੰਘਾ ਤਾਂ ਉਥੇ ਕੀ ਹੋ ਸਕਣਾ ਸੀ। "ਕੰਘਾ ਦੋਨੋ ਵਕਤ ਕਰਿ" ਦੇ ਸਿਖੀ ਰਹਿਤਨਾਮਾ ਭਾਈ ਨੰਦ ਲਾਲ ਜੀ ਦੇ ਹੁਕਮ ਤੋਂ ਓਹ ਭੀ ਗੁੱਤ ਨਰੜ ਮੀਢੀ ਕਲਿਪ ਤ੍ਰੀਮਤਾਂ ਵਾਂਗੂ ਸਦਾ ਮੁਨਹਰਫ਼ ਆਕੀ ਹੀ ਰਹਿੰਦੇ ਹਨ। ਓਹਨਾਂ ਨੂੰ ਗੁਰੂ-ਹੁਕਮਾਂ ਦੇ ਪਾਲਣ ਦੀ ਰੰਚਕ ਪਰਵਾਹ ਨਹੀਂ। ਓਹਨਾਂ ਨੂੰ ਰਹਿਤ ਰਹਿਣੀ ਦੀ ਕੋਈ ਕਨੌਡ ਨਹੀਂ। ਓਹਨਾਂ ਨੂੰ "ਰਹਿਣੀ ਰਹੈ ਸੋਈ ਸਿਖ ਮੇਰਾ" ਵਾਲੇ ਹੁਕਮਾਂ ਦੀ ਕੋਈ ਭੈ-ਭਾਵਨੀ ਨਹੀਂ। ਤਿਨ੍ਹਾਂ ਨੂੰ ਤਾਂ ਮਨ ਦੇ ਮਗਰ ਲਗਣ ਦੀ ਹੀ ਬਹੁਤੀ ਰੀਝ ਹੈ। ਮਨਮੁਖ ਸਿਖ, ਅਜਿਹੇ ਮਨ ਦੀ ਮਰਜ਼ੀ ਮਗਰ ਚਲਣ ਵਾਲਿਆਂ ਨੂੰ ਹੀ ਆਖੀਦਾ ਹੈ।

ਅਜ ਕਲ੍ਹ ਦੇ ਨਵਯੁਵਕ ਸਿਖ ਵਿਦਿਆਰਥੀ ਨਾਮ-ਧਰੀਕ ਸਿਖ-ਆਸ਼੍ਰਮਾਂ ਅਤੇ ਸਿਖ-ਕਾਲਜਾਂ ਵਿਚ ਪੜ੍ਹਨ ਵਾਲੇ ਆਮ ਤੌਰ ਤੇ ਦਾੜ੍ਹੀਆਂ ਨੂੰ ਘਸਾਉਣ ਦੀ (trim ਕਰਾਉਣ ਦੀ) ਫਿਟਕ ਵਿਚ ਪਏ ਹੋਏ ਹਨ। ਓਹ ਮੂੰਹ ਉਤੇ ਰੋਮ ਉਗਣ ਹੀ ਨਹੀਂ ਦਿੰਦੇ। ਰੋਮਾਂ ਤੋਂ ਸਫਾਚੱਟ ਸਾਰੇ ਸਰੀਰ ਨੂੰ ਹੀ ਰਖਣ ਦੀ ਵਾਦੀ ਓਹਨਾਂ ਨੂੰ ਬੜੇ ਹੀ ਭੈੜਪਣੇ ਨਾਲ ਪਈ ਹੋਈ ਹੈ। ਰਬੀ ਦਾਤ ਦੇ ਅਜਿਹੇ ਵੈਰੀ ਇਕ

ਪਰਕਾਰ ਹਿਤੋਂ ਚਿਤੋਂ ਇਹ ਚਾਹੁੰਦੇ ਹਨ ਕਿ ਅਸੀਂ ਜ਼ਨਾਨੀਆਂ ਹੀ ਕਿਉਂ ਨ ਬਣ ਗਈਆਂ, ਰੱਬ ਨੇ ਸਾਨੂੰ ਮਰਦ ਕਿਉਂ ਪੈਦਾ ਕਰ ਦਿਤਾ। ਮਰਦਮੱਤ ਤੋਂ ਖੁੱਥਣ ਲਈ ਉਹ ਅਜਿਹੇ ਆਪ ਸਹੇੜੇ ਕੁਚੱਜ ਕਰਦੇ ਹਨ। ਬਹੁਤ ਸਾਰੇ ਪਰਲੇ ਦਰਜੇ ਦੇ ਬੇਸ਼ਰਮ ਤਾਂ ਸਫ਼ਾਚੱਟ ਖ਼ਤ ਹੀ ਉਸਤਰੇ ਨਾਲ ਕਢਾ ਲੈਂਦੇ ਹਨ। ਅਜਿਹੇ ਵਾਲਾਂ ਵਾਲੇ ਮਨੁੱਖਾਂ ਨੂੰ ਸਿਖ ਆਖਣਾ ਹੀ ਬੜੀ ਲਾਅਨਤ ਹੈ। ਜੋ ਲਾਅਨਤੀ ਲੋਕ ਵਿਚ-ਵਿਚਾਲਿਓਂ ਅਤੇ ਲਾਹਮਾਂ ਛਾਹਮਾਂ ਤੋਂ ਵਾਲਾਂ ਦੀ ਛਾਂਗਾ ਛਾਂਗੀ ਕਰਾਉਂਦੇ ਹਨ, ਅਜਿਹੀ ਗਿਣਤੀ ਵਾਲਿਆਂ ਦੇ ਵਾਧੇ ਦਾ ਸਿਖ ਕੌਮ ਲਈ ਕੀ ਫ਼ਖਰ ਹੈ ? ਸਿਰਫ਼ ਨਾਉਂ ਸਖਾਂ ਵਾਲੇ ਧਰਾ ਕੇ ਕੋਈ ਸਿਖ ਨਹੀਂ ਸਦਾ ਸਕਦਾ। ਗੁਰਮੁਖਾਂ ਵਾਲੀ ਸ਼ਕਲ ਸੂਰਤ ਨੂੰ ਵਿਗਾੜ ਕੇ ਸਿਖ ਸਦਾਉਣ ਵਾਲਾ ਮਹਾਂ ਅਪ੍ਰਾਧੀ ਅਤੇ ਗੁਰੂ ਦਾ ਦੇਣਦਾਰ ਹੈ।

ਤਮਾਕੂ ਵਰਤਣ ਵਾਲੇ ਬਹੁ-ਰੂਪੀਏ :

ਹੁਣ ਵਾਰੀ ਆਈ ਓਹਨਾਂ ਧੂਮਰਪਾਨੀ ਵਾਲਾਂ ਵਾਲੇ ਮਾਣੂਆਂ ਦੀ, ਜੋ ਦਾੜ੍ਹੀਆਂ ਮੁੱਛਾਂ ਅਤੇ ਸਿਰ ਤੇ ਵਾਲਾਂ ਨੂੰ ਰਖਦੇ ਹੋਏ ਬੇਹਯਾਈ ਨਾਲ ਸਿਗਰਟਾਂ ਪੀਂਦੇ ਹਨ। ਚਾਹੇ ਲੁਕਵੇਂ ਛੁਪਵੇਂ ਗੁੱਝੇ, ਚਾਹੇ ਨਿਰਲੱਜ ਹੋ ਕੇ ਸਾਰਿਆਂ ਦੇ ਸਾਹਮਣੇ ਹੀ ਇਹ ਖੇਹ ਉਡਾਉਂਦੇ ਹਨ। ਤਿਨ੍ਹਾਂ ਨੂੰ ਸਿਖਾਂ ਦੀ ਸ੍ਰੇਣੀ ਵਿਚ ਸਮਝਣਾ ਹੀ ਮਹਾਂ ਪਾਪ ਹੈ। ਧੂਮਰਪਾਨ ਧੂੰਏਂ ਨਾਲ ਰੰਗੋਂ ਬੇਰੰਗ ਹੋਈਆਂ ਤਿਨ੍ਹਾਂ ਦੀਆਂ ਮੁਛੀਆਂ ਹੋਈਆਂ ਮੁੱਛਾਂ ਦੂਰੋਂ ਹੀ ਦਸ ਦਿੰਦੀਆਂ ਹਨ ਕਿ ਇਹ ਖਚ-ਬਿਗੜ, ਕਚ-ਘਰੜ, ਬਹੁ-ਰੂਪੀਏ ਸਿਖ ਹਨ। ਧਰਮ-ਕਰਮ ਹੀਣ ਜ਼ਨਾਨੀਆਂ ਤੋਂ ਭੀ ਭੈੜੇ ਹਨ। ਬੇਅੰਤ ਸਿਖ ਵਸੋਂ ਦੇ ਪਿੰਡਾਂ ਵਿਚ ਇਹ ਢਾਹ ਲਗੀ ਹੋਈ ਹੈ ਅਤੇ ਦਿਨੋ ਦਿਨ ਲਗੀ ਹੀ ਚਲੀ ਜਾ ਰਹੀ ਹੈ, ਠੱਲ੍ਹ ਪੈਂਦੀ ਹੀ ਨਹੀਂ। ਸਿਖੀ ਧਰਮ ਕਰਮ ਵਲੋਂ ਹੀਣਤ ਹੋਣ ਕਰਿ, ਸਿਖ ਵਸੋਂ ਵਾਲੇ ਪਿੰਡਾਂ ਦੀ ਇਹ ਦੁਰਦਸ਼ਾ ਹੋਈ ਹੈ। ਪਿੰਡਾਂ ਦੇ ਪਿੰਡ ਸਿਖ ਵਸੋਂ ਵਾਲੇ ਗੁਰਸਿਖੀ ਦੀ ਰਹਿਤ-ਰਹਿਣੀ ਤੋਂ ਖ਼ਾਲਮ-ਖ਼ਾਲੀ ਪਏ ਹਨ।

ਅਜਿਹੀ ਸਿਖ ਵਸੋਂ ਉਜੜੀ ਪੁਜੜੀ ਹੀ ਚੰਗੀ ਹੈ। ਤਾਂ ਹੀ ਤਾਂ ਏਹਨਾਂ ਮਾਇਆ ਦੇ ਮਦ ਵਿਚ ਗਰਕ ਹੋਏ ਮਾਣੂਆਂ ਨੂੰ ਉਜਾੜਾ ਪੁਜਾੜਾ ਆਇਆ ਹੈ। ਸ਼ਰਾਬੀ ਕਬਾਬੀ ਅਤੇ ਧੂਮਰਪਾਨੀ ਲੋਗ ਨਿਰੇ ਐਸ਼ੋ ਇਸ਼ਰਤ ਦੇ ਕੀੜੇ ਬਣ ਚਲੇ ਸਨ ਅਤੇ ਏਹਨਾਂ ਦੀ ਲਬੇੜ ਵਿਚ ਅਣਗਿਣਤ ਸਿਖ ਵਸੋਂ ਆ ਗਈ ਸੀ। ਕੁਦਰਤੀ ਸਜ਼ਾ ਏਹਨਾਂ ਨੂੰ ਮਿਲਣੀ ਸੀ। ਸਜ਼ਾ ਮਿਲਣ ਪਰ ਕਿਹੜੇ ਸੁਧਰੇ ਹਨ। ਸੁਧਰਦੇ ਹੀ ਨਹੀਂ ਸਗੋਂ ਅਗੇ ਨਾਲੋਂ ਭੀ ਵਧ ਵਿਗੜਦੇ ਜਾਂਦੇ ਹਨ। ਫਾਬੇ ਚੋਟਾਂ ਖਾਣਗੇ। ਆਪਣੇ ਕੀਤੇ ਦਾ ਫਲ ਪਾਉਣਗੇ।

ਸਾਂਝੀ ਵਿਦਿਆ ਦੇ ਔਗਣ ਤੇ ਪਿਆਰ-ਵਿਆਹਾਂ ਦੀ ਵਬਾ :

ਪਤਾ ਨਹੀਂ ਅਜਿਹੇ ਸਿਖ ਆਸ਼੍ਰਮਾਂ ਦੀ ਭਰਮਾਰ ਦਾ ਸਿਖ ਕੌਮ ਨੂੰ ਕੀ ਫ਼ਖਰ ਹੈ, ਜਿਨ੍ਹਾਂ ਵਿਚੋਂ ਨਾਸਤਕ, ਦਹਿਰੀਅਤ ਵਾਲੇ ਬਿਗੜ-ਸ਼ਕਲੀਏ ਬੇਮੁਖ ਸਿਖ ਉਤਪੰਨ ਹੁੰਦੇ ਹਨ। ਕਿਉਂ ਪੰਥ ਦਾ ਪੈਸਾ ਅਜਿਹੇ ਆਸ਼੍ਰਮਾਂ ਤੇ ਪੁਟਿਆ ਜਾਂਦਾ ਹੈ, ਜਿਨ੍ਹਾਂ ਆਸ਼੍ਰਮਾਂ ਵਿਚ ਸਿਖ ਸ਼ਕਲ ਦੀ ਅਤੇ ਖ਼ਾਲਸਈ ਸੀਰਤ ਦੀ ਸਿਖ ਪਨੀਰੀ ਬਣ ਬਣ ਕੇ ਨਹੀਂ ਨਿਕਲਦੀ। ਇਖ਼ਲਾਕ, ਆਚਾਰ ਤੋਂ ਗਿਰੇ ਹੋਏ ਗੁੰਡਿਆਂ ਦੀ ਬੇਸ਼ੁਮਾਰਤਾ ਜੋ ਸਿਖ ਪੰਥ ਅੰਦਰ ਦਿਸਦੀ ਹੈ, ਸੋ ਸਿਨੇਮਾ ਥੀਏਟਰ ਦੇ ਲੁਟਿਆਂ ਪੁਟਿਆਂ ਗਭਰੂਆਂ ਗੁੰਡਿਆਂ ਦੀ ਹੈ। ਡਰਾਮਿਆਂ ਦਾ ਸ਼ੌਕ ਤਾਂ ਏਹਨਾਂ ਨੂੰ ਕਾਲਜਾਂ ਸਕੂਲਾਂ ਵਿਚ ਵੜਨਸਾਰ ਹੀ ਸਿਰਖੁਮਾਰ ਹੋ ਜਾਂਦਾ ਹੈ। ਫੇਰ ਏਹਨਾਂ ਆਸ਼੍ਰਮਾਂ ਵਿਚ ਦਿਤੀ ਅਵਿਦਿਆ ਏਹਨਾਂ ਦੇ ਸਿਰ ਫੇਰ ਦਿੰਦੀ ਹੈ। ਇਹ ਵਿਦਿਆ ਨਹੀਂ, ਨਿਰੀ ਅਵਿਦਿਆ ਹੈ, ਜੋ ਯੁਵਕ ਵਿਦਿਆਰਥੀਆਂ ਦੇ ਚਲਣ ਭੀ ਠੀਕ ਨਾ ਰਖ ਸਕੇ। ਸਿਖ ਆਸ਼੍ਰਮਾਂ ਕਾਲਜਾਂ ਸਕੂਲਾਂ ਵਿਚ ਵਿਦਿਆ ਪੜ੍ਹਨ ਦੀ ਇਹ ਅਹਿਮੀਅਤ ਹੋਣੀ ਚਾਹੀਦੀ ਹੈ ਕਿ ਵਿਦਿਆਰਥੀਆਂ ਦੇ ਚਾਲ ਚਲਣ ਤਾਂ ਘਟ ਤੋਂ ਘਟ ਚੰਗੇ ਰਹਿਣ। ਅਸਲ ਮੁਖ-ਆਦਰਸ਼ ਤਾਂ ਧਾਰਮਕ ਆਸ਼੍ਰਮਾਂ ਦਾ ਇਹ ਹੋਣਾ ਚਾਹੀਦਾ ਹੈ ਕਿ ਏਹਨਾਂ ਵਿਚ ਵਿਦਿਆ ਪੜ੍ਹਨਹਾਰੇ ਵਿਦਿਆਰਥੀ ਗੁਰਮਤਿ

ਧਰਮ ਕਰਮ ਵਿਚ ਪਰਬੀਨ ਹੋ ਜਾਣ ਅਤੇ ਗੁਰਮਤਿ ਰਹਿਤ ਬਹਿਤ ਦੇ ਐਸੇ ਸ਼ੌਕੀਨ ਹੋ ਜਾਣ ਕਿ ਹੋਰਤ ਸ਼ੌਕ ਕੁਚਸਕੇ ਫੈਸ਼ਨਬਾਜ਼ੀ ਦੇ ਉਹਨਾਂ ਦੇ ਦੂਰ ਹੋ ਰਹਿਣ।

ਹੁਣ ਤਾਂ ਦਿਨੋ ਦਿਨ ਸਗੋਂ ਉਲਟੀ ਮਾਰ ਵਗਦੀ ਚਲੀ ਜਾਂਦੀ ਹੈ। ਪਛਮ-ਫੈਸ਼ਨੀ ਆਜ਼ਾਦੀ ਵਾਲੀ ਵਿਦਿਆ ਦਾ ਐਸਾ ਪਰਭਾਵ ਪੈ ਰਿਹਾ ਹੈ ਕਿ ਅੰਦਰੂਨੀ ਹਾਲਤ ਦਿਨੋ ਦਿਨ ਬਿਗੜਦੀ ਹੀ ਚਲੀ ਜਾਂਦੀ ਹੈ। ਲੜਕੇ ਲੜਕੀਆਂ ਨੂੰ ਇਕੱਠੇ ਇਕੋ ਆਸ਼੍ਰਮ ਵਿਚ ਵਿਦਿਆ ਪੜ੍ਹਾਉਣ ਵਾਲੀ ਅਜ਼ਾਦੀ ਨੇ ਹੋਰ ਵੀ ਘੋਰ ਬਰਬਾਦੀ ਬਰਪਾ ਕਰ ਛਡੀ ਹੈ। ਖੁਲ੍ਹੀਆਂ ਯਾਰੀਆਂ ਕੁੜਿਆਰੀਆਂ ਲਗਦੀਆਂ ਹਨ। ਖੁੱਲ੍ਹੀਆਂ ਬੇਸ਼ਅਊਰ ਮੁਹੱਬਤਾਂ ਦੀਆਂ ਸ਼ਾਦੀਆਂ, ਮਨ-ਮਰਜ਼ੀ ਦੀ ਲਵ ਮੈਰੇਜ (love marriages) ਆਮ ਤੌਰ ਤੇ ਮਨ-ਪਸਿੰਦ ਜੋੜੀਆਂ ਦੀਆਂ ਹੋਣ ਲਗ ਪਈਆਂ ਹਨ, ਨ ਲੜਕੀ ਨਾ ਲੜਕਾ ਆਪਣੇ ਮਾਂ ਪਿਉ ਸਨਬੰਧੀਆਂ ਨੂੰ ਪੁਛਣ ਦੀ ਜ਼ਹਿਮਤ ਵਿਚ ਪੈਂਦਾ ਹੈ। ਮਨ-ਭਾਉਂਦੀਆਂ ਮੁਹੱਬਤਾਂ, ਮਨ-ਭਾਉਂਦੀਆਂ ਅਜ਼ਾਦ ਸ਼ਾਦੀਆਂ ਹਨ। ਪਰ ਇਹ ਸਾਰੀਆਂ ਅਜ਼ਾਦੀਆਂ ਅੰਤੀ ਅਉਸਰ ਖੇਹੂ ਖੇਹ ਹੀ ਹੋ ਜਾਂਦੀਆਂ ਹਨ, ਖ਼ਾਕ ਵਿਚ ਰਲ ਜਾਂਦੀਆਂ ਹਨ। ਇਹਨਾਂ ਆਜ਼ਾਦੀਆਂ ਨੇ ਬੜੇ ਘਰ ਗਾਲੇ ਹਨ। ਖ਼ਾਨਦਾਨਾਂ ਦੇ ਖ਼ਾਨਦਾਨ ਗਾਲ ਦਿਤੇ ਹਨ। ਮੰਨੇ-ਦੰਨੇ ਸਿਖਾਂ ਆਗੂਆਂ ਦੀਆਂ ਇਜ਼ਤਾਂ ਨੂੰ ਖਜਲ ਖੁਆਰ ਕਰ ਦਿਤਾ ਹੈ, ਇਹਨਾਂ ਆਜ਼ਾਦੀਆਂ ਬਰਬਾਦੀਆਂ ਨੇ। ਇਸ ਦਾ ਮੂਲ ਕਾਰਨ ਇਹ ਹੈ ਕਿ ਤੱਤ ਗੁਰਸਿਖਾਂ ਵਾਲੀ ਰਹਿਣੀ ਬਹਿਣੀ ਦੇ ਕਮਾਉਣ ਦਾ ਤੱਤ ਪਰਚਾ, ਸਿਖ ਸਦਾਉਣ ਵਾਲੇ ਪਰਵਾਰਾਂ ਵਿਚ ਨਹੀਂ ਪਿਆ। ਪਰਵਾਰਾਂ ਦੇ ਪਰਵਾਰ ਸਿਖੀ ਦੀ ਇਸ ਤੱਤ ਕਮਾਈ ਤੋਂ ਸੁੰਞੇ ਅਤੇ ਸਖਣੇ (ਵਿਰਵੇ) ਪਏ ਹਨ। ਪਰਪੱਕ ਜੀਵਨ ਵਾਲੀਆਂ ਪਨੀਰੀਆਂ ਉਗਵਣੋਂ ਹੀ ਰਹਿ ਗਈਆਂ ਹਨ। ਪਿਛਲੇ ਹੀ ਦਿਨਾਂ ਵਿਚ ਐਨ ਦੁਸਹਿਰੇ ਦੀਆਂ ਛੁਟੀਆਂ ਦੇ ਪਿਛੋਂ ਦੋ ਸਿਖ ਪਰਵਾਰਾਂ ਵਿਚ ਇਸ ਨਵੀਨ ਅਜ਼ਾਦੀ ਬਰਬਾਦੀ ਦੇ ਟਿਕ-ਪੁਆੜਿਆਂ

ਨੇ ਦੋਹਾਂ ਪਰਵਾਰਾਂ ਦੀ ਐਸੀ ਮਿਟੀ ਪਲੀਤ ਕੀਤੀ ਕਿ ਬਜ਼ੁਰਗਵਾਰ ਸਿਖ ਸੰਤਤੀ ਆਗੂਆਂ ਦਾ ਨਾਮ ਭੀ ਬਦਨਾਮ ਕਰ ਦਿਤਾ। ਪਰ ਅਸਲ ਗੱਲ ਤਾਂ ਇਹੀ ਹੈ ਕਿ ਜਿਹੋ ਜਿਹੀ ਸੀਰਤ ਹੋਊ ਇਨਸਾਨ ਦੀ, ਤਿਹੋ ਜਿਹੀ ਉਸਦੀ ਸੂਰਤ ਭੀ ਹੋ ਜਾਊ।

ਅੰਦਰੋਂ ਸਚੇ ਧਰਮੀ ਪੁਰਸ਼ਾਂ ਦੀ ਕਦੇ ਭੀ ਗੁੰਡਿਆਂ ਵਾਲੀ ਰਹਿਣੀ ਬਹਿਣੀ ਨਹੀਂ ਹੋ ਸਕਦੀ। ਜੋ ਸਿਖ ਯੁਵਕ ਅਤੇ ਯੁਵਤੀ ਅੰਦਰੂਨੀ ਆਤਮ ਬਵਸਥਾ ਕਰ ਗੁਰਮੁਖ ਹੈ ਉਸ ਦੀ ਬਾਹਰ ਦੀ ਸ਼ਕਲ ਸੂਰਤ ਭੀ ਗੁਰਮੁਖਾਂ ਵਾਲੀ ਹੀ ਰਹੇਗੀ। ਗੁਰਮੁਖਾਂ ਵਾਲੇ ਬਸਾਰਤੀ (ਖਿੜੇ) ਚੇਹਰੇ ਉਹਨਾਂ ਦੇ ਨਜ਼ਰ ਆਉਣਗੇ। ਉਹ ਚੇਹਰਿਆਂ ਤੋਂ ਹੀ ਪਛਾਣੇ ਜਾਣਗੇ ਕਿ ਗੁਰਮੁਖ ਖਾਲਸਈ ਬੰਦੇ ਹਨ। ਖਾਲਸਈ ਨਿਰਾਲਾ-ਪਨ ਉਹਨਾਂ ਦੇ, ਬਸ ਚੇਹਰਿਆਂ ਤੋਂ ਹੀ ਟਪਕੇਗਾ। ਜਿਨ੍ਹਾ ਦਾ ਅੰਦਰ ਆਤਮਾ ਬਿਗੜਿਆ ਹੋਇਆ ਹੋਊ ਉਹ ਬਾਹਰੋਂ ਭੀ ਆਚਰਨ ਰਹਿਤ ਕਰਿ ਬਿਗੜੇ ਤਿਗੜੇ ਹੀ ਨਜ਼ਰ ਆਉਣਗੇ। ਗੁਰਮੁਖੀਆਂ ਰੂਹਾਂ ਦੇ ਮੂੰਹ ਸੋਹਣੇ, ਦਾੜ੍ਹੀਆਂ ਸੋਹਣੀਆਂ ਗੁਰਮੁਖੀ ਦਾੜ੍ਹੀਆਂ ਹੋਣਗੀਆਂ, ਗੁਰਮੁਖੀ ਚੇਹਨ ਚੱਕਰ ਹੋਣਗੇ, ਜੋ ਨਿਰਾਲੇ ਹੀ ਪਹਿਚਾਣੇ ਜਾਣਗੇ। ਗੁਰਸਿੱਖੀ ਦੇ ਗੁਰਮੁਖੀ ਨਿਸ਼ਾਨ ਹੀ ਦੂਰੋਂ ਦਸ ਦੇਣਗੇ ਕਿ ਫਲਾਣੀ ਯੁਵਕ ਯੁਵਤੀ ਨਿਰਾਲੀ ਖ਼ਾਲਸਾ ਕੌਮ ਦੀ ਹੈ।

ਸਿਖ ਯੁਵਕਾਂ ਵਿਚ ਢਾਹ ਲੱਗੀ ਹੈ ਤਾਂ ਦਾੜ੍ਹੇ ਦੇ ਘਾਟੇ ਕਰਕੇ ਅਤੇ ਸਿਖ ਯੁਵਤੀਆਂ ਵਿਚ ਢਾਹ ਲਗੀ ਹੈ ਤਾਂ ਕੇਸਕੀ (ਦਸਤਾਰ) ਹੀਣਤ ਹੋਣ ਕਰਕੇ। ਇਹਨਾਂ ਦੋਹਾਂ ਐਬਾਂ ਨੇ ਖਾਲਸੇ ਦੀ ਖ਼ਾਲਸੀਅਤ ਨਿਰਾਲਾ-ਪਨ ਨੂੰ ਖਸ ਲਿਆ ਹੈ।

ਇਕ ਰਹਿਤਵਾਨ ਦਸਤਾਰੇ ਵਾਲੀ ਭੁਝੰਗਣ ਅਤੇ ਇਕ ਫ਼ੈਸ਼ਨ-ਫ਼ਾਬੀ ਸਿਖ ਲੜਕੀ ਦੀ ਪ੍ਰਸਪਰ ਪ੍ਰਸ਼ਨ ਉਤਰੀ !

ਚਤੁਰ ਕੌਰ : ਕਿਉਂ ਭੈਣ ਸੁਚੇਤ ਕੌਰ ਜੀ ! ਸਿਖਣੀਆਂ ਦੇ ਸਿਰ ਤੇ ਪਗ ਬੰਨ੍ਹਣ ਵਾਲੀ ਰੀਤ ਕਦੋਂ ਕੁ ਤੋਂ ਪੰਥ ਅੰਦਰ ਚਲੀ ਹੈ ?

ਸੁਚੇਤ ਕੌਰ : ਸਿਖ ਭੁਝੰਗਣਾਂ ਦੇ ਸੀਸ ਤੇ ਦਸਤਾਰ ਸਜਾਉਣ ਵਾਲੀ ਪਵਿਤ੍ਰ ਮਰਯਾਦਾ ਤਾਂ ਓਦੋਂ ਤੋਂ ਹੀ ਪਰਚਲਤ ਹੋਈ ਹੈ ਜਦ ਤੋਂ ਸ੍ਰੀ ਦਸਮੇਸ਼ ਜੀ ਨੇ ਖਾਲਸਾ ਪੰਥ ਨੂੰ ਸਜਾਇਆ ਹੈ। ਪਰ ਤੁਸੀਂ ਦਸੋ ਕਿ ਕੇਸਾਂ ਨੂੰ ਨਰੜਨ ਵਾਲੀ, ਮੀਢੀਆ ਕਰਨ ਵਾਲੀ, ਚੀਰਮੀਆਂ ਕੱਢਣ ਵਾਲੀ, ਪਿਛੇ ਗੁਤਾਂ ਕਰਨ ਵਾਲੀ ਅਤੇ ਗੁੱਤਾਂ ਦੇ ਪਿਛੇ ਫੂੰਦੇ ਲਮਕਾਉਣ ਵਾਲੀ ਕੁਰੀਤੀ ਤੁਸਾਡੇ ਅੰਦਰ ਕਦੋਂ ਕੁ ਤੋਂ ਚਲੀ ?

ਚਤੁਰ ਕੌਰ : ਇਹ ਤਾਂ ਜਦ ਤੋਂ ਤੀਵੀਂ ਦੀ ਜਾਤ ਬਣੀ ਹੈ ਓਦੋਂ ਤੋਂ ਹੀ ਇਹ ਰੀਤ ਚਲੀ ਆਉਂਦੀ ਹੈ। ਤੀਵੀਂ ਅਤੇ ਮਰਦ ਦੀ ਜਾਤ ਦਾ ਫ਼ਰਕ ਹੀ ਇਸੇ ਵਿਚ ਹੈ ਕਿ ਮਰਦ ਦੇ ਸਿਰ ਤੇ ਦਸਤਾਰ ਹੁੰਦੀ ਹੈ, ਤੀਵੀਂ ਦੇ ਨਹੀਂ ਹੁੰਦੀ।

ਸੁਚੇਤ ਕੌਰ : ਕੀ ਇਹ ਤਫ਼ਰਕਾ (ਫ਼ਰਕ) ਜਮਾਂਦਰੂ ਹੀ ਹੁੰਦਾ ਹੈ ?

ਚਤੁਰ ਕੌਰ : ਜਮਾਂਦਰੂ ਤਾਂ ਕੋਈ ਨਹੀਂ ਹੁੰਦਾ।

ਸੁਚੇਤ ਕੌਰ : ਫੇਰ ਤੁਸੀਂ ਤੀਵੀਂ ਦੀ ਜਾਤ ਕਦੋਂ ਕੁ ਤੋਂ ਬਣੀ ਸਮਝਦੇ ਹੋ ?

ਚਤੁਰ ਕੌਰ : ਜਦ ਤੋਂ ਇਹ ਜੰਮੀ ਹੈ।

ਸੁਚੇਤ ਕੌਰ : ਫੇਰ ਇਹ ਤੀਵੀਂ-ਪੁਣੇ ਦਾ ਤਫ਼ਰਕਾ (ਫ਼ਰਕ) ਤੁਸੀਂ ਕਿਵੇਂ ਸਿਧ ਕਰੋਗੇ ? ਕਿਉਂਕਿ ਜੰਮਣਸਾਰ ਤਾਂ ਜਾਤਕ ਅਬਲਾ ਦੇ ਸਿਰ ਤੇ ਨਾ ਮੀਢੀਆਂ ਕੀਤੀਆਂ ਹੁੰਦੀਆਂ ਹਨ, ਨਾ ਚੀਰਮੀਆਂ ਕਢੀਆਂ ਹੁੰਦੀਆਂ ਹਨ।

ਚਤੁਰ ਕੌਰ : (ਵਿਚੋਂ ਹੀ ਗੱਲ ਟੁੱਕ ਕੇ) ਜੰਮਦਿਆਂ ਦੇ ਵੀ ਕਦੇ ਚੀਰ ਕਢੇ ਕਢਾਏ ਹੁੰਦੇ ਹਨ ? ਕਦੇ ਨਹੀਂ ਹੁੰਦੇ। ਮੀਢੀਆਂ ਤਾਂ ਕੀ ਹੋਣੀਆਂ ਸੀ,ਓਦੋਂ ਤਾਂ ਮੀਢੀਆਂ ਵਾਲੇ ਵਾਲ ਹੀ ਨਹੀਂ ਆਏ ਹੁੰਦੇ।

ਸੁਚੇਤ ਕੌਰ : ਤੁਸੀਂ ਆਪੇ ਹੀ ਕਹਿੰਦੇ ਹੋ ਕਿ ਜਦ ਤੋਂ ਤੀਵੀਂ ਦੀ ਜਾਤ ਬਣੀ ਹੈ ਓਦੋਂ ਤੋਂ ਹੀ ਇਹ ਚੀਰਮੀਆਂ ਆਦਿ ਚਲੀਆਂ ਆਉਂਦੀਆਂ

ਹਨ ਅਤੇ ਜਾਤ ਭੀ ਤੁਸੀਂ ਜੰਮਣ ਸਮੇਂ ਤੋਂ ਹੀ ਮੰਨਦੇ ਹੋ ।

ਚਤੁਰ ਕੌਰ : ਮੇਰਾ ਮਤਲਬ ਇਹ ਹੈ ਕਿ ਜੰਮਣਸਾਰ ਹੀ ਪਤਾ ਲਗ ਜਾਂਦਾ ਹੈ ਕਿ ਜੰਮਿਆ ਜਾਤਕ ਲੜਕਾ ਹੈ ਜਾਂ ਲੜਕੀ ਹੈ। ਤਫ਼ਰਕਾ (ਫ਼ਰਕ) ਹੋਇਆ ਕਿ ਨਾ ?

ਸੁਚੇਤ ਕੌਰ : ਪਰ ਇਹ ਪਤਾ ਲੜਕੀ ਲੜਕੇ ਦੇ ਫ਼ਰਕ ਦਾ ਕਿਵੇਂ ਲਗਦਾ ਹੈ ? ਕੇਸਾਂ ਤੋਂ ਤਾਂ ਨਹੀਂ ਲਗਦਾ। ਸਿਰਫ਼ ਲਿੰਗ-ਭੇਦ ਕਰਕੇ ਲਗਦਾ ਹੈ। ਲੜਕੀ ਲੜਕੇ ਦੇ ਪੇਸ਼ਾਬ ਕਰਨ ਵਾਲੇ ਅੰਗ ਵਖੋ ਵਖਰੇ ਹੁੰਦੇ ਹਨ। ਇਹੋ ਲਿੰਗ-ਭੇਦ ਹੀ ਲੜਕੇ ਲੜਕੀ ਦੀ ਪਛਾਣ ਦਾ ਹੁੰਦਾ ਹੈ ਨਾ ? ਕੇਸਾਂ ਆਦਿਕ ਹੋਰਸ ਅੰਗਾਂ ਚੇਹਨਾਂ ਦਾ ਤਾਂ ਕੋਈ ਫ਼ਰਕ ਨਹੀਂ ਹੁੰਦਾ। ਸਭ ਅੰਗ ਚਿਹਨ ਇਕ ਸਾਰ ਹੀ ਹੁੰਦੇ ਹਨ।

ਚਤੁਰ ਕੌਰ : ਹੈ ਤਾਂ ਇਹੋ ਠੀਕ।

ਸੁਚੇਤ ਕੌਰ : ਫੇਰ ਤੁਸੀਂ ਕਿਵੇਂ ਕਹਿੰਦੇ ਹੋ ਕਿ ਜਦੋਂ ਤੋਂ ਇਸਤ੍ਰੀ ਜਾਤ ਬਣੀ ਹੈ ਓਦੋਂ ਤੋਂ ਹੀ ਕੇਸਾਂ ਦੀ ਖ਼ਾਸੀਅਤ ਦੀ ਪਛਾਣ ਵਖਰੀ ਵਖਰੀ ਹੁੰਦੀ ਹੈ ? ਦੇਖੋ ਜੰਮਣ ਸਾਰ ਬਚੇ ਬੱਚੀ ਦੇ ਹੋਰ ਸਾਰੇ ਅੰਗ ਚੇਹਨ ਸਮਸਰ ਇਕੋ ਜਿਹੇ ਹੀ ਹੁੰਦੇ ਹਨ। ਨਕ ਕੰਨ ਆਦਿ ਸਭ ਅਛੇਦਕ ਸਾਬਤ ਸੂਰਤੀ ਹੁੰਦੇ ਹਨ। ਕੇਸਾਂ ਦੀ ਕੁਦਰਤੀ ਦਾਤਿ ਨੂੰ ਕੁਦਰਤੀ ਹੁਕਮ ਅਨੁਸਾਰ ਸਮ੍ਹਾਲ ਰਖਣ ਦੀ ਪਰਵਾਹ ਬਚਪਨ ਤੋਂ ਹੀ ਸਿਰਫ਼ ਗੁਰਸਿਖਾਂ ਅੰਦਰ ਹੀ ਹੈ। ਖਾਲਸਾ ਪੰਥ ਪਨੀਰੀ ਦੇ ਬੱਚੇ ਬੱਚੀਆਂ ਮੁੱਢ ਤੋਂ ਹੀ ਕੇਸਾਂ ਵਾਲੀ ਰਹਿਤ-ਰਹਿਣੀ ਦੇ ਧਾਰਨੀ ਰਹਾਏ ਜਾਂਦੇ ਹਨ। ਨਹੀਂ ਤਾਂ ਤਮਾਮ ਆਨ-ਮਤੀਆਂ ਅੰਦਰ ਇਸ ਗੱਲ ਦੀ ਪਰਵਾਹ ਨਹੀਂ ਰਖੀ ਜਾਂਦੀ ਕਿ ਬੱਚੇ ਬੱਚੀਆਂ ਦੇ ਕੇਸ ਜਿਉਂ ਕੇ ਤਿਉਂ ਕਾਇਮ ਦਾਇਮ ਰਖੇ ਜਾਣ, ਜੈਸੇ ਕਿ ਕੁਦਰਤ ਦੇ ਉਗਾਏ ਅਤੇ ਸਨੇ ਸਨੇ ਸਰਸਾਏ ਪਰਫੁੱਲਤਾਏ ਜਾਂਦੇ ਹਨ।

ਚਤੁਰ ਕੌਰ : ਬੱਚਿਆਂ ਦੇ ਕੇਸ ਸੰਭਾਲਣ ਲਈ ਮੁੱਢ ਤੋਂ ਹੀ ਕੇਸ ਗੁੰਦਣ

ਦਾ ਰਿਵਾਜ ਚਲਿਆ ਆਉਂਦਾ ਹੈ।

ਸੁਚੇਤ ਕੌਰ : ਮਨਮਤ ਗ੍ਰਸੇ ਸਿਖ ਪਰਵਾਰਾਂ ਅੰਦਰ ਅਨਮਤੀਆਂ ਦੀ ਰੀਸੇ ਭਾਵੇਂ ਇਹ ਰਿਵਾਜ ਪੈ ਜਾਂਦਾ ਹੋਵੇ। ਨਿਰੋਲ ਖ਼ਾਲਸਾ ਰਹਿਤ-ਰਹਿਣੀ ਦੇ ਧਾਰਨੀ ਸਿਖ ਪਰਵਾਰਾਂ ਅੰਦਰ ਮੁੱਢ-ਕਦੀਮਾਂ ਤੋਂ ਹੀ ਬੱਚੇ ਬੱਚੀਆਂ ਦੇ ਕੇਸ ਕੰਘੇ ਨਾਲ ਸੰਵਾਰ ਕੇ ਰਖੇ ਜਾਂਦੇ ਹਨ, ਮੀਢੀਆਂ ਨਹੀਂ ਗੁੰਦੀਆਂ ਜਾਂਦੀਆਂ। ਜਦੋਂ ਕੇਸ ਪਰਫੁਲਤ ਹੋ ਜਾਂਦੇ ਹਨ, ਕੁਦਰਤੀ ਰੌ ਨਾਲ ਸਰਸ ਕੇ ਵੱਧ ਜਾਂਦੇ ਹਨ ਓਦੋਂ ਸੁਚੱਜੀਆਂ ਸਿਖ ਖ਼ਾਨਦਾਨੀ ਮਾਵਾਂ ਆਪਣੇ ਬੱਚਿਆਂ ਦੇ ਕੇਸਾਂ ਤੇ ਦੋਨੋਂ ਵਕਤ ਕੰਘਾ ਕਰ ਕੇ ਜੂੜਾ ਕਰ ਦਿੰਦੀਆਂ ਹਨ। ਉਪਰ ਦੀ ਦਸਤਾਰਾ ਸਜਾਈ ਰਖਦੀਆਂ ਹਨ, ਭਾਵੇਂ ਬੱਚਾ ਹੋਵੇ ਭਾਵੇਂ ਬੱਚੀ, ਭਾਵ ਭਾਵੇਂ ਭੁਝੰਗੀ ਹੋਵੇ ਭਾਵੇਂ ਭੁਝੰਗਣ।

ਚਤੁਰ ਕੌਰ : ਮੀਢੀਆਂ ਭੀ ਕਰ ਦੇਣ ਦਾ ਰਿਵਾਜ ਚਲਿਆ ਆਉਂਦਾ ਹੈ।

ਸੁਚੇਤ ਕੌਰ : ਮਹਿਜ਼ ਦੇਖਾ ਦੇਖੀ ਦੇ ਪਏ ਰਿਵਾਜ ਨੂੰ ਗੁਰੂ-ਹੁਕਮਾਈ ਰਹਿਤ ਰਹਿਣੀ ਨਹੀਂ ਕਹਿ ਸਕਦੇ।

ਚਤੁਰ ਕੌਰ : ਚੰਗਾ ਰਿਵਾਜ ਨਿੰਦਣ ਯੋਗ ਭੀ ਨਹੀਂ।

ਸੁਚੇਤ ਕੌਰ : ਮੀਢੀਆਂ ਕਰਨ, ਕੇਸ ਨਰੜਨ ਵਿਚ ਕੀ ਚੰਗਿਆਈ ਏ ?

ਚਤੁਰ ਕੌਰ : ਕੇਸ ਛੇਤੀ ਵਧ ਜਾਂਦੇ ਹਨ, ਨਾਲੇ ਚੰਗੂ ਸੰਭਾਲੇ ਰਹਿੰਦੇ ਹਨ।

ਸੁਚੇਤ ਕੌਰ : ਕੇਸਾਂ ਨੂੰ ਛੇਤੀ ਵਧਾਉਣ ਦੀ ਕੀ ਲੋੜ ਹੈ ? ਕੁਦਰਤੀ ਵੇਗ ਅਨੁਸਾਰ ਵਧੇ ਕੇਸ ਹੀ ਗੁਰਮਤਿ ਅੰਦਰ ਪਰਵਾਣ ਹਨ। ਖ਼ੁਦ ਸਾਖ਼ਤਗੀ (ਬਨਾਉਟੀ) ਵਧਾਉਣਾ ਘਟਾਉਣਾ ਮਨ ਦੀ ਮਤਿ ਹੈ। ਦੂਜੇ ਰਹੀ ਸੰਭਾਲਣ ਵਾਲੀ ਗੱਲ, ਸੋ ਕੇਸਾਂ ਨੂੰ ਦਸਵੇਂ ਦੁਆਰ ਤੇ ਵਾਹ ਸੰਵਾਰ ਕੇ, ਜੂੜਾ ਕਰ ਕੇ, ਉਪਰ ਦਸਤਾਰ ਸਜਾਏ ਰਖਣ ਤੋਂ ਵਧ ਕੇ ਸੰਭਾਲਣ ਦੀ ਜੁਗਤੀ ਹੋਰ ਕੋਈ ਸ੍ਰੇਸ਼ਟ ਨਹੀਂ। ਮਨਮੱਤਣੀ ਇਸਤ੍ਰੀਆਂ ਛੋਟੇ ਬੱਚੇ ਬੱਚੀਆਂ ਦੀਆਂ ਜੋ ਚੀਰਮੀਆਂ ਕਢ ਕੇ ਪਟੇ

ਰਖਦੀਆਂ ਹਨ ਅਤੇ ਪਿਛਾਂਹ ਲਮਕਦੀਆਂ ਫੂੰਦੇਦਾਰ ਗੁੱਤਾਂ ਕਰਦੀਆਂ ਹਨ, ਇਹ ਸਭ ਅਨਮੱਤਣਾਂ ਦੀ ਰੀਸ ਰੀਸੀ ਭੈੜਾ ਰਿਵਾਜ ਹੀ ਚਲ ਪਿਆ ਹੈ। ਆਲਸ-ਗ੍ਰਸੀਆਂ ਮਾਵਾਂ ਗੁਤਨੀਆਂ ਨਰੜ, ਮੀਢੀਆਂ ਕਰ ਕੇ, ਆਪਣੇ ਜਾਣੇ ਅਵੇਸਲੀਆਂ ਹੋ ਜਾਂਦੀਆਂ ਹਨ, ਪਰ ਅਸਲ ਵਿਚ ਬੱਚਿਆਂ ਦੇ ਸਿਰਾਂ ਵਿਚ ਜੂਆਂ ਪੁਆਉਣ ਦਾ ਕੁਚੱਜ ਸਹੇੜ ਲੈਂਦੀਆਂ ਹਨ। ਸੁਚੱਜੀਆਂ ਮਾਵਾਂ ਦੋ ਵੇਲੇ ਸੰਵਾਰ ਕੇ ਬੱਚੇ ਬਚੀਆਂ ਦੇ ਕੇਸਾਂ ਨੂੰ ਕੰਘਾ ਜੂੜਾ ਕਰ ਕੇ ਉਪਰ ਦਸਤਾਰਾ ਸਜਾਉਂਦੀਆਂ ਹਨ। ਕੇਸ ਖ਼ੂਬ ਸਾਫ਼ ਸੁਥਰੇ ਰਹਿੰਦੇ ਹਨ। ਦੋਨੋ ਵੇਲੇ ਕੰਘਾ ਕਰਨ ਨਾਲ ਕਦੇ ਜੂਆਂ ਨਹੀਂ ਪੈਂਦੀਆ। ਨਾਲੇ "ਕੰਘਾ ਦੋਨੋਂ ਵਕਤ ਕਰਿ ਪਾਗ ਚੁਨੇ ਕਰਿ ਬਾਂਧਈ" ਦੇ ਗੁਰ ਰਹਿਤੀ ਹੁਕਮ ਦੀ ਸੁਚੱਜੀ ਪਾਲਣਾ ਕਰਦੀਆਂ ਹਨ।

ਚਤੁਰ ਕੌਰ : ਹੈ ਤਾਂ ਠੀਕ, ਇਹ ਰਿਵਾਜ ਐਂਵੇ ਦੇਖਾ ਦੇਖੀ ਹੀ ਚਲੇ ਹਨ।

ਸੁਚੇਤ ਕੌਰ : ਪਰ ਗੁਰੂ ਘਰ ਦੀ ਰਹਿਤ ਰਹਿਣੀ ਐਂਵੇ ਰਿਵਾਜਨ ਨਹੀਂ ਚਲੀ, ਅਸੂਲਨ ਪਰਚਲਤ ਹੋਈ ਹੈ।

ਚਤੁਰ ਕੌਰ : ਪਰ ਏਸ ਤੇ ਚਲਣਾ ਬੜਾ ਕਠਿਨ ਹੈ।

ਸੁਚੇਤ ਕੌਰ : ਕਠਿਨ ਕਿਉਂ ਹੈ, ਕਠਿਨਤਾਈ ਤਾਂ ਮੀਢੀਆਂ ਗੁੰਦਣ ਵਿਚ ਹੈ ਅਤੇ ਜੂਆਂ ਕੱਢਣ ਵਿਚ ਹੈ, ਨਾਕਿ ਕੇਸ ਸੰਵਾਰ ਕੇ ਜੂੜਾ ਦਸਤਾਰਾ ਸਜਾਉਣ ਵਿਚ ? ਸਿੰਘਾਂ ਦੀ ਰਹੁ-ਰੀਤ ਨਿਰਾਲੀ ਹੈ। ਆਨਮਤਾਂ ਨਾਲੋਂ ਵਿਸ਼ੇਸ਼ ਨਿਰਾਲੀ ਹੈ। ਪੁਰਾਣੀਆਂ ਅਵੈੜੀਆਂ ਰੀਤਾਂ ਛਡਣੀਆਂ ਹੀ ਔਖੀਆਂ ਹਨ। ਹੋਰ ਕੋਈ ਕਠਿਨਤਾਈ ਨਹੀਂ। ਦਸੋ ਅਵੈੜੀਆਂ ਰੀਤਾਂ ਦਾ ਛਡਣਾ ਭਲਾ ਹੈ ਕਿ ਉਹਨਾਂ ਕੁਰੀਤਾਂ ਨਾਲ ਚਿਮੜੇ ਰਹਿਣਾ ਭਲਾ ਹੈ ?

ਚਤੁਰ ਕੌਰ : ਭਲਾ ਸੁਖਾਲਾ ਤਾਂ ਗੁਰੂ ਘਰ ਦਾ ਰਹੁ-ਰੀਤ-ਚਾਲਾ ਹੀ ਹੈ। ਪਰ ਪਤਾ ਨਹੀਂ ਕਿਉਂ, ਆਮ ਲੁਕਾਈ ਨੂੰ ਬੁਰਾ ਅਤੇ ਔਖਾ ਪਰਤੀਤ

ਹੁੰਦਾ ਹੈ।

ਸੁਚੇਤ ਕੌਰ : ਲੁਕਾਈ ਦੀ ਗੱਲ ਛਡੋ। ਤੁਸੀਂ ਆਪਣੇ ਗੁਰੂ ਘਰ ਦੀ ਗੱਲ ਕਰੋ। ਗੁਰੂ ਘਰ ਦੇ ਪਾਂਧੀਆਂ ਅਤੇ ਪਾਂਧਣਾਂ ਨੂੰ ਜੂੰਡੇ ਫੈਸ਼ਨ, ਚੀਰ ਫੈਸ਼ਨ, ਲਮਕਣੀਆਂ ਫੂੰਦੇ ਵਾਲੀਆਂ ਗੁੱਤਾਂ ਦੇ ਫੈਸ਼ਨ ਲਾਅਨਤ ਹਨ ਅਤੇ ਗੁਰੂ ਹੁਕਮਾਂ ਦੀ ਅਦੂਲੀ, ਨਾ-ਫਰਮਾਨੀ ਹੈ।

ਚਤੁਰ ਕੌਰ : ਕਈ ਚਤੁਰ ਗਿਆਨੀ ਕਹਿੰਦੇ ਹਨ ਕਿ ਗੁਰੂ ਸੱਚੇ ਪਾਤਸ਼ਾਹ ਦਸਮੇਸ਼ ਪਿਤਾ ਨੇ ਤਾਂ ਜ਼ਨਾਨੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਹੀ ਨਹੀਂ ਅਤੇ ਉਹ ਕਹਿੰਦੇ ਹਨ ਕਿ ਜ਼ਨਾਨੀਆਂ ਖੰਡੇ ਦੇ ਅੰਮ੍ਰਿਤ ਦੀਆਂ ਅਧਿਕਾਰਨਾਂ ਨਹੀਂ ਹਨ। ਕਿਰਪਾਨ ਦੇ ਅੰਮ੍ਰਿਤ ਦੀਆਂ ਪਾਤਰ ਹਨ।

ਸੁਚੇਤ ਕੌਰ : ਇਹ ਨਿਰੋl ਅਗਿਆਨੀਆਂ ਦੀ ਅਗਿਆਨਤਾ ਭਰੀ ਕੁਮੱਤੜੀ ਹੈ, ਗੁਰੂ ਘਰ ਵਿਚ ਇਕੋ ਅੰਮ੍ਰਿਤ ਪਰਵਾਨ ਹੈ। ਦੂਜਾ ਅੰਮ੍ਰਿਤ ਹੈ ਹੀ ਨਹੀਂ, ਸਭ ਪ੍ਰਾਣੀਆਂ ਲਈ, ਸਮੂਹ ਮਰਦ ਜ਼ਨਾਨੀਆਂ ਲਈ ਇਕੋ ਖੰਡੇ ਦਾ ਅੰਮ੍ਰਿਤ ਹੀ ਪੂਰੀ ਗੁਰਮਤਿ ਹੈ। "ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤ ਨਾਹਿ" ਵਾਲਾ ਗੁਰਵਾਕ ਭੀ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ। ਗੁਰੂ ਦਸਮੇਸ਼ ਜੀ ਨੇ ਸ੍ਰੀ ਕੇਸਗੜ੍ਹ ਵਿਖੇ ਨਿਜ ਕਰ-ਕਮਲਾਂ ਤੋਂ ਅਤੇ ਪੰਜਾਂ ਪਿਆਰਿਆਂ ਦੁਆਰਾ, ਬਿਨਾਂ ਜ਼ਾਤ ਪਾਤ ਅਤੇ ਇਸਤ੍ਰੀ ਮਰਦ ਦੇ ਭੇਦ ਤੋਂ ਸਭਸ ਨੂੰ ਖੰਡੇ ਦਾ ਅੰਮ੍ਰਿਤ ਹੀ ਛਕਾਇਆ।

ਚਤੁਰ ਕੌਰ : ਕਹਿੰਦੇ ਹਨ ਕਿ ਪੰਜਾਂ ਪਿਆਰਿਆਂ ਵਿਚ ਕੋਈ ਇਸਤ੍ਰੀ ਸ਼ਾਮਲ ਨਹੀਂ ਸੀ, ਇਸ ਕਰਕੇ ਇਸਤ੍ਰੀ ਅੰਮ੍ਰਿਤ ਦੀ ਅਧਿਕਾਰੀ ਨਹੀਂ।

ਸੁਚੇਤ ਕੌਰ : ਇਹ ਨਿਰੀ ਅਗਿਆਨੀਆਂ ਵਾਲੀ ਦਲੀਲ ਹੈ। ਗੁਰੂ ਸਾਹਿਬ ਨੇ ਇਕ ਧੁਰਵਾ ਕਾਇਮ ਕਰ ਦਿਤਾ, ਕਿ ਜੋ ਪ੍ਰਾਣੀ (ਭਾਵੇਂ ਕੋਈ ਹੋਵੇ, ਇਸਤ੍ਰੀ ਹੋਵੇ ਭਾਵੇਂ ਮਰਦ ਹੋਵੇ) ਤਨ ਮਨ ਸਰਬੰਸ

ਦਾਨੀ ਕੁਰਬਾਨੀ ਕਰੇ, ਉਹੀ ਅੰਮ੍ਰਿਤ ਦਾ ਅਸਲ ਪਾਤਰ ਹੈ। ਉਸ ਸਮੇਂ ਅਵਸਰ ਹੀ ਐਸਾ ਬੱਝਾ, ਇਤਫ਼ਾਕ ਹੀ ਐਸਾ ਹੋਇਆ ਕਿ ਪਹਿਲੀ ਚੋਣ ਵਿਚ ਸਤਿਗੁਰੂ ਦੀ ਸੱਦ ਅਨੁਸਾਰ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੁਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਹੀ ਜਾਨ ਪ੍ਰਾਨ ਨਿਸਾਰੀ ਪੰਜ ਪਿਆਰੇ ਨਿਤਰੇ। ਜੇ ਕੋਈ ਇਸਤ੍ਰੀ ਭੀ ਨਿਤਰਦੀ ਤਾਂ ਉਹ ਭੀ ਪੰਜਾਂ ਪਿਆਰਿਆਂ ਵਿਚ ਗਰਦਾਨੀ ਜਾਣੀ ਸੀ। ਗੁਰੂ ਮਹਾਰਾਜ ਸਚੇ ਪਾਤਸ਼ਾਹ ਨੇ ਤਾਂ ਇਕ ਮਿਸਾਲ ਕਾਇਮ ਕਰ ਦਿਤੀ ਕਿ ਜਾਨ ਅਰ ਪ੍ਰਾਣ ਅਰਪਨ ਕਰਨਹਾਰਾ ਭਾਵੇਂ ਕੋਈ ਭੀ ਮਨੁਖ ਦੇਹਧਾਰੀ ਪ੍ਰਾਣੀ ਹੋਵੇ ਉਹੀ ਅੰਮ੍ਰਿਤ ਦਾ ਅਧਿਕਾਰੀ ਹੋ ਸਕਦਾ ਹੈ। ਕਈ ਅਗਿਆਨੀ ਐਥੋਂ ਤਾਈਂ ਕਮਜ਼ਰਫ਼ (ਘਟੀਆ) ਖ਼ਿਆਲੀ ਹਨ ਕਿ ਜਿਨ੍ਹਾਂ ਜਾਤਾਂ ਪਾਤਾਂ ਵਿਚੋਂ ਇਹ ਪੰਜ ਪਿਆਰੇ ਨਿਤਰੇ ਹਨ, ਕੇਵਲ ਓਹਨਾਂ ਜਾਤਾਂ ਵਾਲੇ ਪੁਰਸ਼ ਹੀ 'ਅੰਮ੍ਰਿਤ ਦੇ ਅਧਿਕਾਰੀ ਹਨ ਹੋਰ ਨਹੀਂ', ਪਰੰਤੂ ਗੁਰੂ ਸਚੇ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਦਾ ਜਾਨ ਨਿਸਾਰੀ ਧੁਰਵਾ ਕਾਇਮ ਕਰ ਕੇ, ਫੇਰ ਪੰਜਾਂ ਪਿਆਰਿਆਂ ਦੁਆਰਾ ਅਣਗਿਣਤ ਮਰਦੋ ਜ਼ਨਾਨੀਆਂ ਨੂੰ ਆਪਣੀ ਹਜ਼ੂਰੀ ਵਿਚ ਅੰਮ੍ਰਿਤ ਛਕਾਇਆ, ਓਹੀ ਇਕੋ ਅੰਮ੍ਰਿਤ, ਖੰਡੇ ਦਾ ਅੰਮ੍ਰਿਤ ਛਕਾਇਆ, ਜੋ ਪਹਿਲੋਂ (ਸਭ ਤੋਂ ਪ੍ਰਿਥਮ ਨਿਤਰੇ) ਪੰਜਾਂ ਪਿਆਰਿਆਂ ਨੂੰ ਛਕਾਇਆ ਸੀ। ਏਹਨਾਂ ਵਿਚ ਅਨੇਕਾਂ ਇਸਤ੍ਰੀਆਂ ਅੰਮ੍ਰਿਤ ਛਕ ਕੇ ਸਿੰਘਣੀਆਂ ਸਜੀਆਂ। ਅਨੇਕਾਂ ਜਾਤਾਂ ਦੇ ਪੁਰਸ਼ ਅੰਮ੍ਰਿਤ ਛਕ ਕੇ ਸਿੰਘ ਸਜੇ, ਜਿਨ੍ਹਾਂ ਨੇ ਪੁਰਾਣੀ ਜ਼ਾਤ ਪਾਤ ਦਾ ਤਿਆਗ ਕੀਤਾ। ਅੰਮ੍ਰਿਤ ਛਕ ਕੇ ਓਹਨਾਂ ਅੰਦਰ ਜ਼ਾਤ ਪਾਤ ਦਾ ਵਿਤਕਰਾ ਹੀ ਨਾ ਰਿਹਾ।

"ਇਕ ਸਿਖ, ਦੁਇ ਸਾਧ ਸੰਗ, ਪੰਜੀਂ ਪਰਮੇਸ਼ਰ" ਦੇ ਮਹਾਂ ਵਾਕ ਅਨੁਸਾਰ "ਪੰਚ ਪਰਵਾਣ ਪੰਚ ਪਰਧਾਨੁ" ਵਾਲੇ ਗੁਰ-ਵਾਕਾਂ ਦਾ

ਧੁਰਵਾ ਕਾਇਮ ਦਾਇਮ ਰਖਣ ਲਈ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਨੇ ਕੇਵਲ ਪੰਜਾਂ ਨੂੰ ਲੈ ਕੇ ਹੀ, ਪਰੀਖਿਆ ਕਸੌਟੀ ਵਾਲਾ ਖੇਡ ਕਰ ਕੇ ਡਰਾਪ ਸੀਨ ਕਰ ਦਿਤਾ। ਨਹੀਂ ਤਾਂ ਅਨੇਕਾਂ ਗੁਰਸਿਖ ਉਕਤ ਕੁਰਬਾਨੀ ਦੀ ਆਹੂਤੀ ਦੇਣ ਨੂੰ ਤਿਆਰ ਬੈਠੇ ਸਨ। ਦੂਜੇ ਹੱਲੇ ਵਿਚ ਅਣਗਿਣਤ ਅਧਿਕਾਰੀਆਂ ਨੇ ਖੰਡੇ ਦਾ ਅੰਮ੍ਰਿਤ ਤੁਰਤ ਫੁਰਤ ਹੀ ਛਕ ਲਿਆ। ਜਿਨ੍ਹਾਂ ਨੂੰ ਜਾਗ ਲਗਣੀ ਸੀ, ਜਿਨ੍ਹਾਂ ਦੇ ਭਾਗ ਜਾਗਣੇ ਸਨ ਸੋ ਨਿਤਰਦੇ ਚਲੇ ਆਏ ਅਤੇ ਨਿਤਰਦੇ ਰਹਿਣਗੇ। ਏਥੇ ਜ਼ਾਤ ਪਾਤ,ਇਸਤ੍ਰੀ ਮਰਦ ਦੇ ਵਿਤਕਰੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਨਾ ਹੀ ਸਮੇਂ ਦੀ ਕੈਦ ਵਾਲੀ ਮਹੂਰਤੀ ਮਿਸਾਲ ਹੀ ਢੁਕ ਸਕਦੀਹੈ।

ਚਤੁਰ ਕੌਰ : ਇਹ ਤਾਂ ਨਿਰਸੰਦੇਹ ਸਾਬਤ ਹੋਇਆ ਕਿ ਖੰਡੇ ਦਾ ਅੰਮ੍ਰਿਤ ਪ੍ਰਾਣੀ ਮਾਤਰ ਸਭ ਲਈ ਇਕ ਸਾਰ ਹੀ ਸੀ ਅਤੇ ਸ੍ਰੀ ਦਸਮੇਸ਼ ਪਿਤਾ ਦੇ ਸਮੇਂ ਤੋਂ ਇਸ ਦੇ ਸਾਂਝੀਵਾਲ ਅਧਿਕਾਰੀ ਇਸਤ੍ਰੀ ਮਰਦ ਚਲੇ ਆਉਂਦੇ ਹਨ, ਪਰ ਰਹੁਰੀਤ ਰਹਿਣੀ ਬਹਿਣੀ ਦੀ ਧਾਰਨੀ ਤਾਂ ਇਸਤ੍ਰੀ ਪੁਰਸ਼ ਦੀ ਵਖਰੀ ਵਖਰੀ ਹੀ ਹੋਣੀ ਚਾਹੀਦੀ ਹੈ।

ਸੁਚੇਤ ਕੌਰ : ਇਉਂ ਕਿਉਂ ? ਖੰਡੇ ਦਾ ਅੰਮ੍ਰਿਤ ਸਭ ਲਈ ਇਕ ਸਾਰ, "ਅੰਮ੍ਰਿਤ ਨਾਮ" "ਗੁਰ ਸ਼ਬਦ ਦੀਖਿਆ" ਸਭ ਲਈ ਇਕ ਸਾਰ। ਏਕੋ ਹੁਕਮ ਦੀ ਪਾਲਣਾ ਸਭ ਲਈ ਇਕ ਸਾਰ, ਵਡੀਆਂ ਕੁਰਹਿਤਾਂ ਤੋਂ ਬਚਣ ਲਈ ਹੁਕਮ ਸਭ ਲਈ ਇਕਸਾਰ, ਭਾਵੇਂ ਮਰਦ ਹੋਵੇ ਭਾਵੇਂ ਇਸਤ੍ਰੀ ਹੋਵੇ। ਹਾਂ ਮਰਦ ਲਈ ਸਿੰਘ ਸਜ ਕੇ, ਅੰਮ੍ਰਿਤ ਛਕ ਕੇ ਪਰਤ੍ਰਿਆ ਦਾ ਪ੍ਰੀਤਿਆਗ ਅਤੇ ਇਸਤ੍ਰੀ ਲਈ ਅੰਮ੍ਰਿਤ ਛਕ ਕੇ, ਸਿੰਘਣੀ ਸਜ ਕੇ ਪਰਪੁਰਸ਼ ਦਾ ਪ੍ਰੀਤਿਆਗ ਪਰਮ ਲਾਜ਼ਮੀ ਹੈ। ਜਿਵੇਂ ਸਿੰਘ ਪਰਤ੍ਰਿਆ ਗਾਮੀ ਹੋ ਕੇ ਪਤਿਤ ਗਰਦਾਨਿਆਂ ਜਾਂਦਾ ਹੈ ਤਿਵੇਂ ਹੀ ਸਿੰਘਣੀ ਪਰਪੁਰਸ਼ ਗਾਮਣੀ ਹੋਕੇ ਕਰਕੇ ਪਤਿਤ ਗਰਦਾਨੀ ਜਾਂਦੀ ਹੈ।

ਚਤੁਰ ਕੌਰ : (ਵਿਚਾਲਿਓਂ ਗੱਲ ਟੁੱਕ ਕੇ) ਪਰ ਜੀ, ਪੰਜ ਕਰਾਰਾਂ ਦਾ

ਭੇਦ ਤਾਂ ਕੁਛ ਨਾ ਕੁਛ ਜ਼ਰੂਰ ਹੋਣਾ ਚਾਹੀਦਾ ਹੈ।

ਸੁਚੇਤ ਕੌਰ : ਉਹ ਕਿਉਂ ?

ਚਤੁਰ ਕੌਰ : ਇਸਤ੍ਰੀਆਂ ਦਸਤਾਰ ਸਜਾਉਂਦੀਆਂ ਸ਼ਰਮ ਖਾਂਦੀਆਂ ਹਨ।

ਸੁਚੇਤ ਕੌਰ : ਇਸਤ੍ਰੀਆਂ ਅਰ ਤੀਵੀਆਂ, ਆਨਮਤਣਾਂ ਜ਼ਨਾਨੀਆਂ ਜ਼ਰੂਰ ਸ਼ਰਮ ਖਾਂਦੀਆਂ ਹੋਣਗੀਆਂ। ਪਈਆਂ ਖਾਣ, ਪਰ ਸਿੰਘਣੀਆਂ ਨੂੰ ਦਸਤਾਰ ਮਜਾਉਣ ਦੀ ਕਾਹਦੀ ਸ਼ਰਮ ? ਗੁਰੂ ਦਾ ਹੁਕਮ ਪਾਲਣ ਕਰਨ ਪਰ ਸਿੰਘਣੀਆਂ ਨੂੰ ਰੰਚਕ ਭੀ ਲਾਜ ਕੁਲਾਜ ਨਹੀਂ ਹੋਣੀ ਚਾਹੀਦੀ। ੧੯੦੦ ਸੰਨ ਤੋਂ ਪਹਿਲਾਂ ਅਸੀਂ ਅਨੇਕਾਂ ਸਿੰਘਣੀਆਂ ਦੇਖੀਆਂ ਪਰਖੀਆਂ ਹਨ ਜੋ ਕੁਸੰਗਤ, ਆਨ ਮਤਣਾਂ ਤੋਂ ਗ੍ਰਹਿਣ ਕੀਤੀ ਕੁਮਤ ਕਚ ਘਰੜਤਾ ਦੇ ਕਾਰਨ ਕਛਹਿਰਾ ਸਜਾਉਣੋਂ ਭੀ ਕਾਣਤ ਖਾਂਦੀਆਂ ਸਨ। ਜੋ ਸਵਾਲ ਅਜ ਦਸਤਾਰ ਦਾ ਉਠਦਾ ਹੈ ਓਦੋਂ ਸਿੰਘਣੀਆਂ ਦੇ ਕਛਹਿਰੇ ਪਹਿਰਨ ਪਹਿਰਾਉਣ ਦਾ ਉਠਦਾ ਹੁੰਦਾ ਸੀ। ਕਈ ਕਚ ਘਰੜ ਸਿੰਘ ਭੀ ਆਪਣੀਆਂ ਘਰ ਵਾਲੀਆਂ ਸੁਪਤਨੀਆਂ ਨੂੰ ਕਛਹਿਰਾ ਪਹਿਰਾਉਣੋਂ ਕਾਣ ਸ਼ਰਮ ਖਾਂਦੇ ਸਨ, ਜਿਸ ਕਾਰਨ ਓਹ ਅੰਮ੍ਰਿਤ ਤੋਂ ਹੀ ਵਾਂਜੀਆਂ ਰਹਿੰਦੀਆਂ ਸਨ। ਜਦੋਂ ਗੁਰੂ ਪੰਥ ਅੰਦਰ ਬੇ ਅੰਮ੍ਰਿਤਣਾਂ ਨਾਲ ਅਭੇਦ ਹੋਣਾ ਪਤਿਤ ਗਰਦਾਨਿਆ ਗਿਆ ਤਦੋਂ ਇਹ ਮੋਰਚਾ ਟੁੱਟਾ। ਫੇਰ ਤਾਂ ਲਾਜ਼ਮੀ ਤੌਰ ਤੇ ਸਿੰਘਣੀਆਂ ਨੂੰ ਅੰਮ੍ਰਿਤ ਛਕਣ ਸਮੇਂ ਕਛਹਿਰੇ ਸਜਾਏ ਜਾਣੇ ਪਰਚਲਤ ਹੋਏ। ਕਛਹਿਰੇ ਦਾ ਅੜਿੱਕਾ ਉਹਨਾਂ ਦਿਨਾਂ ਵਿਚ ਐਤਨਾ ਹੀ ਭਾਰੀ ਸੀ ਜਿਤਨਾ ਅਜ ਕਲ੍ਹ ਦਸਤਾਰੇ ਦਾ ਹੈ। ਇਹ ਮਨਮਤੀ ਮਸਲਾ ਹੈ, ਹੂੜਮਤ ਦਾ ਅੜਿਕਾ ਹੈ, ਗੁਰੂ ਦੇ ਹੁਕਮਾਂ ਤੋਂ ਬੇਮੁਖਤਾਈ ਵਾਲਾ ਬਾਗ਼ੀਪੁਣਾ ਹੈ।

ਚਤੁਰ ਕੌਰ : ਇਹ ਤਾਂ ਗੱਲ ਠੀਕ ਹੱਲ ਹੋ ਗਈ। ਕਛਹਿਰੇ ਦਾ ਸਵਾਲ ਤਾਂ ਓੜਕ ਹੱਲ ਹੋਣਾ ਹੀ ਸੀ, ਕਿਉਂਕਿ ਇਹ ਪੰਜਵਾਂ ਕਕਾਰ ਹੈ। ਪਰ ਦਸਤਾਰ ਪੰਜਵਾਂ ਕਕਾਰ ਕਿਵੇਂ ? ਇਸ ਨੂੰ ਤਾਂ ਦੱਦਾ ਅਖਰ

ਪਹਿਲਾਂ ਲਗਦਾ ਹੈ। ਕੱਕਾ ਅਖਰ ਪਹਿਲਾਂ ਆਉਣ ਵਾਲੇ ਹੀ ਪੰਜ ਕਕਾਰਾਂ ਵਿਚ ਸ਼ਾਮਲ ਹੋ ਸਕਣਗੇ, ਜੈਸੇ ਕਿ ਕਛ; ਕੜਾ, ਕ੍ਰਿਪਾਨ, ਕੰਘਾ ਅਤੇ ਕੇਸ ਹਨ। ਤੁਸੀਂ ਕੇਸਾਂ ਦੇ ਪੰਜਵੇਂ ਕਕਾਰ ਦੇ ਥਾਉਂ ਦਸਤਾਰ ਦਾ ਕਕਾਰ ਕਿਵੇਂ ਕਾਇਮ ਕਰ ਸਕਦੇ ਹੋ ?

ਸੁਚੇਤ ਕੌਰ : ਇਹੋ ਤਾਂ ਭਾਰੀ ਭੁੱਲ ਹੈ। ਪੰਜਵਾਂ ਕਕਾਰ ਕੇਸਕੀ ਹੈ, ਨਾਕਿ ਕੇਸ ? "ਕਛ, ਕੜਾ, ਕ੍ਰਿਪਾਨ, ਕੰਘਾ, ਕੇਸਕੀ। ਪੰਚ ਕਕਾਰੀ ਰਹਿਤ ਧਾਰੇ ਸਿਖ ਸੋਈ।" ਗੁਰੂ ਸਾਹਿਬ ਦਸਮੇਸ਼ ਪਾਤਸ਼ਾਹ ਦੇ ਹਿਤ ਉਪਦੇਸਨੀ ਰਹਿਤਨਾਮਿਆਂ ਅੰਦਰ ਇਹ ਗੱਲ ਨਿਖਾਰ ਕੇ ਦਸੀ ਗਈ ਕਿ ਪੰਜਵਾਂ ਕਕਾਰ ਕੇਸਕੀ ਹੈ, ਨਾ ਕਿ ਕੇਸ। 'ਕੇਸਕੀ' ਪਦ ਵਿਚੋਂ "ਕੀ" ਉਡਦਾ ਉਡਦਾ ਸਾਰਿਆਂ ਰਹਿਤਨਾਮਿਆਂ ਵਿਚੋਂ ਉਡ ਗਿਆ, ਸਿਰਫ਼ ਕੇਸ ਹੀ ਰਹਿ ਗਿਆ। ਛਾਪੇ ਦੀ ਗ਼ਲਤੀ ਨਾਲ ਜਾਂ ਜਾਣ ਬੁਝ ਕੇ ਇਹ ਮਨਮਤੀ ਅਦਲਾ ਬਦਲੀ ਕੀਤੀ ਗਈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਪੰਜਵਾਂ ਕਕਾਰ ਕੇਸਕੀ ਹੈ,ਕੇਸ ਨਹੀਂ। ਦਸਤਾਰ ਸਜਾਉਣ ਤੋਂ ਕਣਤਾਉਣ ਵਾਲੇ ਨੂੰ ਮਸਾਂ ਮੌਕਾ ਮਿਲਿਆ ਏਸ ਅਦਲਾ ਬਦਲੀ ਨੂੰ ਕਬੂਲਣ ਦਾ, ਜੋ ਨਿਰੀ ਮਨਮਤਿ ਹੈ।

ਚਤੁਰ ਕੌਰ : ਮਨਮਤਿ ਕਿਉਂ ਹੈ ? ਕੇਸ ਧਾਰਨ ਦੀ ਧਾਰਨਾ ਨੂੰ ਤੁਸੀਂ ਮਨਮਤਿ ਕਿਵੇਂ ਕਹਿ ਸਕਦੇ ਹੋ ?

ਸੁਚੇਤ ਕੌਰ : ਕੇਸ ਧਾਰਨ ਦੀ ਧਾਰਨਾ ਨੂੰ ਮਨਮਤਿ ਕਹਿਣ ਵਾਲਾ ਤਨਖ਼ਾਹੀਆ ! ਸਿਖੀ ਤਾਂ ਹੈ ਹੀ ਕੇਸਾਂ ਸੁਆਸਾਂ ਨਾਲ। ਕੇਸਾਂ ਦੀ ਧਾਰਨਾਂ ਤੋਂ ਹੀਣ ਹੋਣਾ ਨਿਰੀ ਮਨਮਤਿ ਹੀ ਨਹੀਂ, ਬਲਕਿ ਪਤਿਤ ਕਰਮ ਹੈ। ਕੇਸਾਂ ਦੀ ਧਾਰਨਾ ਤੋਂ ਅਧਾਰਨ (ਵਿਰਵਾ) ਹੋਇਆ ਸਿਖ ਪਤਿਤ ਹੋ ਜਾਂਦਾ ਹੈ। ਕੇਸਾਂ ਨੂੰ ਪੰਜਵਾਂ ਕਕਾਰ ਸਮਝਣਾ ਮਨਮਤਿ ਹੈ। ਪੰਜ ਕਕਾਰਾਂ ਵਿਚੋਂ ਕਿਸੇ ਕਕਾਰ ਦੇ ਰਹਿਤ ਹੋਇਆਂ (ਵੱਖ ਕੀਤਿਆਂ) ਸਿੰਘ ਜਾਂ ਸਿੰਘਣੀ ਪਤਿਤ ਨਹੀਂ ਗਰਦਾਨੀ ਜਾਂਦੀ। ਇਹ ਤਨਖ਼ਾਹ ਹੈ, ਜੋ ਅਰਦਾਸਾ ਸੁਧਾਇਆਂ ਅਤੇ ਕਿੰਚਤ

ਡੰਨ੍ਹ ਲਾਇਆਂ ਬਖ਼ਸ਼ੀ ਜਾ ਸਕਦੀ ਹੈ। ਪਰ ਕੇਸਾਂ ਦੀ ਧਾਰਨਾ ਤੋਂ ਵੰਚਤ ਹੋਣ ਕਰਿ ਮੁੜ ਕੇ ਫੇਰ ਅੰਮ੍ਰਿਤ ਛਕਣਾ ਪੈਂਦਾ ਹੈ, ਕਿਉਂਕਿ ਕੇਸ ਹੀਣ ਸਿੰਘ ਸਿੰਘਣੀ ਪਤਿਤ ਗਰਦਾਨੇ ਜਾਂਦੇ ਹਨ। ਤਾਂ ਤੇ ਕੇਸਾਂ ਦੀ ਧਾਰਨਾ ਦੇ ਮੁਖ ਧਰਮ ਨੂੰ ਪੰਜ ਕਕਾਰਾਂ ਵਿਚ ਇਕ ਕਕਾਰ ਗਰਦਾਨਣਾ ਨਿਰੀ ਮਨਮਤਿ ਹੀ ਨਹੀਂ, ਸਗੋਂ ਮਹਾਂ ਮਨਮਤਿ ਹੈ। ਗੁਰੂ ਘਰ ਅੰਦਰ ਕਿਸੇ ਭੀ ਸਿਖ ਸਿਖਣੀ, ਭੁਝੰਗੀ ਭੁਝੰਗਣ ਨੂੰ ਕਿਸੇ ਵੇਲੇ ਭੀ ਕੇਸਾਂ ਤੋਂ ਨੰਗੇ ਰਹਿਣ ਦਾ ਹੁਕਮ ਨਹੀਂ। ਗੁਰੂ ਘਰ ਦੇ ਸਾਰੇ ਹੀ ਰਹਿਤਨਾਮੇ ਪੁਕਾਰ ਪੁਕਾਰ ਦਸ ਰਹੇ ਹਨ ਕਿ ਅੰਮ੍ਰਿਤਧਾਰੀ ਰਹਿਤਵਾਨ ਸਿੰਘ ਸਿੰਘਣੀ ਨੂੰ ਨੰਗੇ ਸੀਸ, ਨੰਗੇ ਕੇਸ ਨਹੀਂ ਰਹਿਣਾ ਚਾਹੀਦਾ। ਜੈਸਾ ਕਿ ਹਰ ਇਕ ਅੰਮ੍ਰਿਤਧਾਰੀ ਸਿੰਘ ਅਤੇ ਅੰਮ੍ਰਿਤ-ਧਾਰਨੀ ਸਿੰਘਣੀ ਭੁਝੰਗਣ ਕਛਹਿਰੇ, ਕੜੇ, ਕਿਰਪਾਨ ਤੋਂ ਬਿਨਾਂ ਨਹੀਂ ਰਹਿ ਸਕਦੀ, ਉਸੇ ਪ੍ਰਕਾਰ ਕੇਸਾਂ ਨੂੰ ਕੱਜਣ ਵਾਲੀ ਕੇਸਕੀ (ਦਸਤਾਰ) ਅਤੇ ਕੰਘੇ ਤੋਂ ਬਿਨਾਂ ਭੀ ਕੋਈ ਭੀ ਅੰਮ੍ਰਿਤਧਾਰੀ ਨਹੀਂ ਰਹਿ ਸਕਦਾ। ਜੋ ਜਾਣ ਬੁਝ ਕੇ ਰਹਿੰਦਾ ਹੈ ਉਹ ਤਨਖ਼ਾਹੀਆ ਹੈ। ਜੋ ਭੁਲ ਚੁੱਕ ਕੇ ਕਿਸੇ ਕਕਾਰ ਤੋਂ ਕਿਸੇ ਸਮੇਂ ਰਹਿਤ ਹੋ ਜਾਂਦਾ ਹੈ, ਉਹ ਥੋੜਾ ਤਨਖ਼ਾਹੀਆ। ਪਰ ਹਰ ਸੂਰਤ ਵਿਚ ਕਕਾਰ ਰਹਿਤ ਹੋਣ ਦੀ ਤਨਖ਼ਾਹ ਪਤਿਤ ਕਰਮ ਨਹੀਂ ਗਰਦਾਨੀ ਜਾਂਦੀ, ਬਿਨਾਂ ਅੰਮ੍ਰਿਤ ਛਕੇ ਤੋਂ ਹੀ ਬਖਸ਼ੀ ਜਾ ਸਕਦੀ ਹੈ। ਪਰ ਕਿਸੇ ਭੀ ਕਕਾਰ-ਹੀਣ ਅੰਮ੍ਰਿਤਧਾਰੀ ਨੂੰ ਤਿਆਰ ਬਰ ਤਿਆਰ ਸਿੰਘ ਨਹੀਂ ਸਮਝਿਆ ਜਾ ਸਕਦਾ। ਕੇਸਕੀ-ਕਕਾਰ ਦੀ ਧਾਰਨਾ ਤੋਂ ਹੀਣ ਸਿੰਘ, ਖ਼ਾਸ ਕਰ ਸਿੰਘਣੀਆਂ ਪੂਰੇ ਦੋ ਕਕਾਰਾਂ ਦੀ ਧਾਰਨਾ ਤੋਂ ਹੀਣੀਆਂ ਹੋ ਜਾਂਦੀਆਂ ਹਨ।

ਚਤੁਰ ਕੌਰ : ਉਹ ਕਿਵੇਂ ?

ਸੁਰੇਸ਼ ਕੌਰ : ਉਹ ਇਉਂ ਕਿ ਜਿਹੜੀਆਂ ਅੰਮ੍ਰਿਤ ਧਾਰਨੀ ਸਿੰਘਣੀਆਂ ਭੁਝੰਗਣਾਂ ਹੋ ਕੇ ਆਪਣੇ ਸੀਸ ਉਤੇ ਕੇਸਕੀ (ਦਸਤਾਰ) ਨਹੀਂ

ਸਜਾਉਂਦੀਆਂ ਉਹ ਸਮਝੋ ਕਿ ਦਸਵੇਂ ਦੁਆਰ ਤੇ ਕੇਸਾਂ ਦਾ ਜੂੜਾ ਭੀ ਨਹੀਂ ਰੱਖ ਸਕਦੀਆਂ, ਉਹ ਯਾ ਤਾਂ ਅੱਜ ਕਲ ਦੇ ਫ਼ੈਸ਼ਨ ਵਿਚ ਰੁੜ੍ਹ ਕੇ, ਟੇਢੇ ਵਿੰਗੇ ਚੀਰ ਕੱਢ ਕੇ ਫੁੰਦਿਆਂ ਵਾਲੀਆਂ ਲਮਕਦੀਆਂ ਗੁੱਤਾਂ ਨਾਲ ਇਸ਼ਕ-ਲੋਡੇ ਬੰਨ੍ਹ ਕੇ ਰਖਦੀਆਂ ਹਨ, ਜਾਂ ਫੇਰ ਮੋਢਿਆਂ ਵਾਲੇ ਚੂੰਡੇ ਕਰਾਉਂਦੀਆਂ ਹਨ। ਦੋਹਾਂ ਹਾਲਤਾਂ ਵਿਚ ਕੰਘੇ (ਚੌਥੇ ਕਕਾਰ) ਦੀ ਰਹਿਤ ਭੀ ਓਹ ਨਹੀਂ ਰਖ ਸਕਦੀਆਂ। ਕੰਘਾ ਓਹਨਾਂ ਦੇ ਸੀਸ ਵਿਚ ਰਹਿ ਹੀ ਨਹੀਂ ਸਕਦਾ।

ਚਤੁਰ ਕੌਰ : ਰਹਿ ਕਿਉਂ ਨਹੀਂ ਸਕਦਾ ? ਜੇਬ ਵਿਚ ਟਿਕ ਸਕਦਾ ਹੈ।

ਸੁਚੇਤ ਕੌਰ : ਕੰਘੇ ਦੇ ਟਿਕਣ ਦਾ ਅਸਥਾਨ ਜੇਬ ਨਹੀਂ, ਸਿਰਫ਼ ਕੇਸ ਹੀ ਹਨ। ਕਲ੍ਹ ਨੂੰ ਕੋਈ ਕਹੇਗਾ ਕਿ ਕਛਹਿਰਾ ਭੀ ਜੇਬ ਵਿਚ ਪਾ ਸਕੀਦਾ ਹੈ। ਕਛਹਿਰਾ ਤਾਂ ਕੇਵਲ ਤੇੜ ਹੀ ਸਜਾਇਆ ਜਾ ਸਕਦਾ ਹੈ। ਜਿਸ ਪਰਕਾਰ ਤੇੜ ਦਾ ਨੰਗੇਜ ਰਹਿਤਵਾਨਾਂ ਲਈ ਬਿਨਾਂ ਕਛਹਿਰੇ ਦੇ ਨਹੀਂ ਢਕਿਆ ਜਾ ਸਕਦਾ ਏਸੇ ਪਰਕਾਰ ਕੇਸਾਂ ਦਾ ਨੰਗੇਜ ਬਿਨਾਂ ਕੇਸਕੀ ਦੇ ਨਹੀਂ ਕਜਿਆ (ਢਕਿਆ) ਜਾ ਸਕਦਾ ਅਤੇ ਦਸਮ ਦੁਆਰ ਹੀ ਜੂੜੇ ਵਾਲੇ ਕੇਸਾਂ ਬਿਨਾਂ ਕੰਘਾ ਭੀ ਨਹੀਂ ਸੀਸ ਵਿਚ ਰਖਿਆ ਜਾ ਸਕਦਾ। ਕੰਘੇ ਦਾ ਅਸਲ ਅਸਥਾਨ ਸੀਸ ਦੇ ਕੇਸ ਹਨ; ਨਾਕਿ ਜੇਬ।

ਚਤੁਰ ਕੌਰ : ਜੂੜਾ ਦਸਮ ਦੁਆਰ ਤੇ ਸਜਾਉਣਾ ਕਿਹੜਾ ਜ਼ਰੂਰੀ ਹੈ। ਪਿਛਲੇ ਪਾਸੇ ਜੂੜਾ ਕਰ ਲਿਆ ਜਾਏ ਤਾਂ ਕੀ ਹਰਜ ਹੈ ? ਨਾਲੇ ਉਸ ਦੇ (ਜੂੜੇ ਦੇ) ਅਗੇ ਪਿਛੇ ਜਾਂ ਹੇਠਾਂ ਉਤੇ ਕੰਘਾ ਭੀ ਰਖਿਆ ਜਾ ਸਕਦਾ ਹੈ।

ਸੁਚੇਤ ਕੌਰ : ਹਾਂ ਭੈਣ, ਗਿੱਚੀ ਵਿਚ ਜੂੜਾ ਕਰਨ ਵਾਲੀਆਂ ਭੀ ਕਈ ਨੀਮ ਫ਼ੈਸ਼ਨਕ ਬੀਬੀਆਂ ਰਾਣੀਆਂ ਹਨ ਜੋ ਸਿਖੀ ਦਾ ਦਾਅਵਾ ਭੀ ਰਖਦੀਆਂ ਹਨ, ਪਰ ਫ਼ੈਸ਼ਨ ਭੀ ਨਹੀਂ ਛਡ ਸਕਦੀਆਂ। ਅਜਿਹੀਆਂ ਅਧ-ਫ਼ੈਸ਼ਨਕ ਯੁਵਤੀਆਂ ਜੋ ਗਿੱਚੀ ਵਿਚ ਜੂੜਾ ਕਰਦੀਆਂ ਹਨ,

ਤਿਨ੍ਹਾਂ ਦੀ ਮਤਿ ਭੀ ਗਿੱਚੀ ਪਿਛੇ ਹੀ ਹੁੰਦੀ ਏ, ਜਿਵੇਂ ਗਿੱਚੀ ਵਿਚ ਗੁੱਤ ਵਾਲੀਆਂ ਦੀ ਮਤ ਗਿੱਚੀ ਪਿਛੇ ਹੀ ਦੱਬੀ ਰਹਿੰਦੀ ਹੈ। ਅਜਿਹੀਆਂ ਫ਼ੈਸ਼ਨ-ਪਸੰਦ ਗਿੱਚ-ਮੱਤਣਾਂ ਅਵਲ ਤਾਂ ਕੇਸਾਂ ਵਿਚ ਕੰਘਾ ਰਖਦੀਆਂ ਹੀ ਨਹੀਂ, ਜੂੜੇ ਵਿਚ ਕਲਿਪ ਅੜਾਈ ਫਿਰਨ-ਗੀਆਂ। ਉਥੇ ਭਲਾ ਕੰਘੇ ਨੂੰ ਕਿਥੇ ਥਾਉਂ ਮਿਲ ਸਕਦਾ ਹੈ? ਜੂੜੇ ਦੇ ਹੇਠਲੇ ਪਾਸੇ ਤਾਂ ਕੰਘਾ ਅੜਕ ਹੀ ਨਹੀਂ ਸਕਦਾ। ਉਤਲੇ ਪਾਸੇ ਕੰਘਾ ਰਖਣ ਵਿਚ ਉਹਨਾਂ ਦਾ ਫ਼ੈਸ਼ਨ ਭੰਗ ਹੁੰਦਾ ਹੈ। ਕਦੇ ਤੁਸਾਂ ਦੇਖਿਆ ਹੈ, ਕਲਿੱਪੀ-ਜੂੜ-ਗਿੱਚਣੀਆਂ ਦੇ ਨਾਲ ਕੰਘਾ ਅੜਕਿਆ? ਉਥੇ ਕੰਘੇ ਨੇ ਕੀ ਅੜਕਣਾ ਸੀ। ਓਹਨਾਂ ਦੇ ਘੋਲੇ ਗੁੰਦਣੇ ਪਿਛਲ-ਜੂੜਵੇਂ ਸਿਰ ਉਪਰੋਂ ਤਾਂ ਫ਼ੈਸ਼ਨਦਾਰ ਚੁੰਨੀਆਂ ਭੀ ਲਹਿ ਲਹਿ ਜਾਂਦੀਆਂ ਹਨ। ਬਗ਼ੈਰ ਦਸਮ ਦੁਆਰੀ ਜੂੜੇ ਵਾਲੇ ਕੇਸਾਂ ਦੇ, ਨਾ ਹੀ ਸੀਸ ਤੇ ਕੇਸਕੀ (ਦਸਤਾਰ) ਸਜਾ ਸਕੀਦੀ ਹੈ ਤੇ ਨਾ ਹੀ ਦਸਤਾਰ ਰਹਿ ਸਕਦੀ ਹੈ, ਚੁੰਨੀ ਨੇ ਤਾਂ ਕੀ ਰਹਿਣਾ ਸੀ।

ਚਤੁਰ ਕੌਰ : ਇਹ ਤਾਂ ਠੀਕ ਹੈ ਪਧਰੇ ਪਿਛਲੇ ਜੂੜੇ ਸਿਰ ਉਪਰੋਂ ਚੁੰਨੀ ਤਿਲ੍ਹਕ ਤਿਲ੍ਹਕ ਪੈਂਦੀ ਹੈ, ਰਹਿੰਦੀ ਹੀ ਨਹੀਂ। ਇਸੇ ਕਰਕੇ ਅਜ ਕਲ੍ਹ ਦੀਆਂ ਫ਼ੈਸ਼ਨਦਾਰ ਲੜਕੀਆਂ ਨੇ ਚੁੰਨੀ ਸਿਰ ਤੇ ਲੈਣ ਦਾ ਫਸਤਾ ਹੀ ਵੱਢ ਦਿਤਾ ਹੈ।

ਸੁਚੇਤ ਕੌਰ : ਅੱਛੂ ਵਧਿਆ ਭੀ ਨਹੀਂ ਗਿਆ। ਚੁੰਨੀ ਨੂੰ ਗਲਾਂ ਵਿਚ ਪਿਛਲਖੋਰੀ ਲਮਕਾਈ ਰੱਖਣ ਦਾ ਭੈੜਾ ਫ਼ੈਸ਼ਨ ਹੀ ਚਲ ਪਿਆ ਹੈ। ਚੁੰਨੀ ਗਲਿ ਪਹੁੰਨੀ, ਸੀਸ ਖੋਪ੍ਰੀ ਸੁੰਨੀ। ਕੀ ਇਹ ਸਿੰਘਣੀਆਂ ਭੁਝੰਗਣਾਂ ਦਾ ਪਹਿਰਾਵਾ ਸ਼ੋਭਨੀਕ ਹੈ?

ਚਤੁਰ ਕੌਰ : ਸੋਭਦਾ ਤਾਂ ਨਹੀਂ, ਇਹ ਤੁਸਾਡੀ ਗੱਲ ਠੀਕ ਹੈ। ਇਹ ਤਾਂ ਆਨਮਤਣਾ ਫ਼ੈਸ਼ਨ-ਪ੍ਰਸਤਾਂ ਦਾ ਪਿਛਲਗ ਰੀਸੋ ਰੀਸੀ ਰਿਵਾਜ ਹੈ, ਜੋ ਚੰਗਾ ਨਹੀਂ ਹੈ।

ਸੁਚੇਤ ਕੌਰ : ਬਹੁਤ ਮੰਦਾ ਰਿਵਾਜ ਹੈ, ਗੰਦਾ ਰਿਵਾਜ ਹੈ। ਜਿਨ੍ਹਾਂ ਕੇਸਾਂ

ਨੂੰ ਗੁਰੂ ਘਰ ਦੀ ਰਹਿਣੀ ਵਿਚ ਅੱਤ ਪਵਿਤ੍ਰ ਸਮਝਿਆ ਗਿਆ ਹੈ, ਜਿਨ੍ਹਾਂ ਕੇਸਾਂ ਵਿਚ ਪਵਿਤ੍ਰ ਅੰਮ੍ਰਿਤ ਦਸਮ ਦੁਆਰੜੇ ਸਿੰਚਰਤ ਹੋ ਕੇ ਸੀਸ ਦੇ ਕੇਸ ਪਰਮ ਪਵਿਤ੍ਰ ਪਦਵੀ ਨੂੰ ਪ੍ਰਾਪਤ ਹੋਏ ਹਨ, ਓਹਨਾਂ ਕੇਸਾਂ ਨੂੰ ਹਰ ਦਮ ਬਹਿੰਦੇ ਉਠਦੇ ਤੁਰਦੇ ਫਿਰਦੇ ਬਾਜ਼ਾਰਾਂ ਗਲੀਆਂ ਵਿਚ ਘੁੰਮਦੇ ਨੰਗੇ ਰਖਣਾ ਕੇਸਾਂ ਦੀ ਮਹਾਂ ਬੇਅਦਬੀ ਕਰਨਾ ਹੈ। ਗਲੀਆਂ ਸੜਕਾਂ ਦੀ ਸੜੀ ਹੋਈ ਸੁਆਹ ਮਿਟੀ ਓਹਨਾਂ ਦੇ ਝਾਟਿਆਂ ਤੇ ਉਡਿ ਉਡਿ ਪੈਂਦੀ ਰਹਿੰਦੀ ਹੈ। ਏਹਨਾਂ ਪ੍ਰਥਾਇ ਹੀ ਇਹ ਗੁਰ-ਵਾਕ ਘਟਦਾ ਹੈ :--"ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥" ਖੁੱਲ੍ਹੇ ਝਾਟੇ, ਨੰਗੇ ਝਾਟੇ ਰਖਦੀਆਂ ਹਨ ਤਾਂ ਹੀ ਤਾਂ ਕੇਸਾਂ ਦੀ ਇਹ ਦੁਰਦਿਸ਼ਾ ਹੁੰਦੀ ਹੈ। ਓਹਨਾਂ ਝਾਟੇ ਖੁੱਲ੍ਹੇ ਰਖ-ਦੀਆਂ ਨੂੰ ਸ਼ਰਮ ਨਹੀਂ ਆਉਂਦੀ, ਓਹਨਾਂ ਨੂੰ ਨੰਗੇ ਝਾਟੇ ਫਿਰਦੀਆਂ ਨੂੰ ਸ਼ਰਮ ਨਹੀਂ ਆਉਂਦੀ। ਓਹਨਾਂ ਨੂੰ ਦੋ ਦੋ ਗੁੱਤਾਂ ਪਿਛੇ ਲਟ-ਕਾਉਂਦੀਆਂ ਨੂੰ ਸ਼ਰਮ ਲੱਜਾ ਨਹੀਂ ਆਉਂਦੀ। ਜੇ ਸ਼ਰਮ ਲੱਜਾ ਆਉਂਦੀ ਹੈ ਤਾਂ ਦਸਤਾਰ (ਕੇਸਕੀ) ਸੀਸ ਤੇ ਸਜਾਉਂਦੀਆਂ ਨੂੰ ਹੀ ਆਉਂਦੀ ਹੈ, ਕਿਉਂਕਿ ਏਸ ਦੀ ਕਦਰ ਕਰਨ ਵਾਲਾ ਓਹਨਾਂ ਨੂੰ ਕੋਈ ਲਭਦਾ ਨਹੀਂ। ਬਾਜ਼ਾਰੀ ਲੋਗਾਂ ਅਤੇ ਲੁੱਚੇ ਗੁੰਡੇ ਲੋਕਾਂ ਤੋਂ ਕਦਰ ਕਰਵਾਉਣ ਲਈ ਓਹ ਇਹ ਖੋਟਾ ਬਾਜ਼ਾਰ-ਫ਼ੈਸ਼ਨੀ-ਕਸਬ ਕਮਾਉਂਦੀਆਂ ਹਨ। ਓਹਨਾਂ ਦੇ ਢੀਠ ਸ਼ੌਹਰਾਂ ਖਾਵਿੰਦਾਂ (ਖਸਮਾਂ) ਨੂੰ ਭੀ ਰੰਚਕ ਸ਼ਰਮ ਹਯਾ ਨਹੀਂ ਉਪਜਦੀ ਜਿਨ੍ਹਾਂ ਦੀਆਂ ਵਿਆਹੁਲ ਬਹੂਆਂ ਇਉਂ ਦਰ-ਬ-ਦਰ ਬਾਜ਼ਾਰੋ ਬਾਜ਼ਾਰ ਖਜਲ ਖੁਆਰ ਹੁੰਦੀਆਂ ਫਿਰਦੀਆਂ ਹਨ, ਜੋ "ਬਨਿਤਾ ਛੋਡਿ ਬਦ ਨਦਰਿ ਪਰਨਾਰੀ" ਵਾਲੇ ਗੁੰਡੇ ਪੁਰਸ਼ਾਂ ਦੀ ਬੁਰੀ ਨਜ਼ਰ ਦਾ ਸ਼ਿਕਾਰ ਹੁੰਦੀਆਂ ਹਨ। ਇਹ ਕੋਈ ਸ਼ਰਾਫ਼ਤ ਹੈ ? ਇਹ ਕੋਈ ਭਲਮਣਸਊ ਹੈ ? ਪਰ-ਪੁਰਸ਼ਾਂ ਨੂੰ ਰੀਝਾਵਣ ਲਈ,ਬੁਰੀ ਨਜ਼ਰ ਵਾਲੇ ਗੁੰਡਿਆਂ ਨੂੰ ਫ਼ੈਸ਼ਨ ਦਾ ਦਿਖਾਵਾ ਦਿਖਾਉਣ ਲਈ ਹੀ ਓਹ ਸਾਰੇ ਕੁਚੱਜ ਕਰਦੀਆਂ ਹਨ। ਕਾਲਜਾਂ

ਸਕੂਲਾਂ ਵਿਚ ਜਾਣ ਵਾਲੀਆਂ ਸਿਖਾਂ ਦੀਆਂ ਬੀਬੀਆਂ ਭੈਣਾਂ ਦੇ ਜੁੱਟਾਂ ਦੇ ਜੁੱਟ ਸਿਰਨੰਗ-ਫ਼ੈਸ਼ਨੀ ਕੁਚਸਕਿਆਂ ਦੇ ਫਿੱਟੇ ਤੇ ਫੱਟੇ ਹੋਏ ਫਿਰਦੇ ਹਨ। ਇਹਨਾਂ ਲੜਕੀਆਂ, ਹਾਂ ਜੀ ਸਿੱਖਾਂ ਦੀਆਂ ਲੜਕੀਆਂ ਦੇ ਮਾਪੇ, ਵਾਲਦੈਨ (parents) ਭੀ ਏਸੇ ਕੁਚਕੇਬਾਜ਼ੀ ਦੇ ਵਹਿਣ ਵਿਚ ਰੁੜ੍ਹੇ ਚਲੇ ਜਾਂਦੇ ਹਨ। ਆਪਣੀਆਂ ਲਾਡਲੀਆਂ ਰੱਖੀਆਂ ਪੁਤਰੀਆਂ ਨੂੰ ਕੁਫ਼ੈਸ਼ਨੀ ਪੁਤਲੀਆਂ ਬਣੀਆਂ ਦੇਖ ਕੇ ਖ਼ੁਸ਼ ਹੁੰਦੇ ਹਨ,ਫੁਲੇ ਨਹੀਂ ਸਮਾਉਂਦੇ। ਧੀਆਂ ਭੈਣਾਂ ਦੇ ਕੁਚਸਕੀਏ ਜਜ਼ਬੇ ਦੇ ਅਧੀਨ ਹੋ ਕੇ ਆਪ ਭੀ ਓਹਨਾਂ ਦੇ ਅਨਸਾਰੀ ਬਣ ਜਾਂਦੇ ਹਨ। ਤਿਨ੍ਹਾਂ ਨੂੰ ਫ਼ੈਸ਼ਨ ਪਿਆਰਾ ਹੈ, ਗੁਰੂ ਕੀ ਰਹਿਤ ਪਿਆਰੀ ਨਹੀਂ। ਲੋਕਾਚਾਰੀ ਫ਼ੈਸ਼ਨ-ਰੋੜ੍ਹ ਨੂੰ, ਬਦਆਚਾਰੀ ਸ਼ੁਆਰ (ਸਜਾਵਟ) ਨੂੰ, ਸਭ ਤੋਂ ਪਸੰਦੀਦਾ (ਮਨ-ਭਾਉਂਦਾ) ਸ਼ਰਫੇ ਸ਼ੀਂਗਾਰ ਸਮਝਦੇ ਹਨ। ਲਖ ਲਾਅਨਤ ਓਹਨਾਂ ਦੀ ਅਜਿਹੀ ਕੁਬੁੱਧੀ ਉਤੇ, ਜੋ ਸਿਖ ਸਦਾ ਕੇ ਆਪਣੀ ਸੰਤਾਨ ਪਨੀਰੀ ਨੂੰ ਕੂੜਾਵੀ ਕੁਸੰਗ ਮਸ਼ੀਨਰੀ ਵਿਚ ਢਲਿਆ ਦੇਖਕੇ ਖੁਸ਼ ਹੁੰਦੇ ਹਨ। ਤਿਨ੍ਹਾਂ ਨੂੰ ਤੇ ਤਿਨ੍ਹਾਂ ਦੀਆਂ ਲੜਕੀਆਂ-ਨੋਹਾਂ ਨੂੰ ਖੋਟੇ ਕਰਮਾਂ ਤੋਂ ਸ਼ਰਮ ਆਉਣੀ ਚਾਹੀਦੀ ਹੈ, ਨਾ ਕਿ ਗੁਰੂ ਕੀ ਰਹਿਤ ਧਾਰਨ ਕਰਨ ਤੋਂ। ਲੋਕ-ਲਾਜ ਦਾ ਡਰ ਕਾਹਦਾ ! "ਸੋ ਡਰੇ ਜੋ ਪਾਪ ਕਮਾਵੰਦਾ ਧਰਮੀ ਵਿਗਸੇਤ"। ਧਰਮੀ ਰੂਹੜੀਆਂ ਨੂੰ ਸ਼ਰਮ, ਧਰਮ ਦੇ ਔਜ (ਗੌਰਵਤਾ) ਵਿਚ ਵਿਗਸ ਕੇ ਰਹਿਣਾ ਚਾਹੀਦਾ ਹੈ ਅਤੇ ਇਸ ਵਿਗਾਸ ਦੇ ਪਰਭਾਵ ਕਾਰਨ ਸਦਾ ਚੜ੍ਹਦੀ ਕਲਾ ਵਿਚ ਵਿਚਰਨਾ ਚਾਹੀਦਾ ਹੈ। ਤਿਨ੍ਹਾਂ ਨੂੰ ਲੋਕ-ਲਾਜ ਦਾ ਕੀ ਸਹਿਮ, ਡਰ, ਦਬਾਉ ?

ਚਤੁਰ ਕੌਰ : ਜੋ ਕੁਝ ਕਹਿੰਦੇ ਹੋ, ਇਹ ਸਭ ਸੋਲ੍ਹਾਂ ਆਨੇ ਸੱਚ ਹੈ। ਸਕੂਲਾਂ ਕਾਲਜਾਂ ਦੀਆਂ ਲੜਕੀਆਂ ਆਮ ਤੌਰ ਤੇ ਬਿਗੜੀਆਂ ਤਿਗੜੀਆਂ ਹੋਈਆਂ ਹੁੰਦੀਆਂ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਨਾ ਪੜ੍ਹਾਉਣ। ਸਕੂਲਾਂ ਕਾਲਜਾਂ ਦੀ ਇਹੋ ਜਿਹੀ ਪੜ੍ਹਾਈ ਖੂਣੋਂ ਕੀ ਬੁੜਿਆ ਪਿਆ ਹੈ ?

ਸੁਚੇਤ ਕੌਰ : ਐਵੇਂ ਦੇਖਾ ਦੇਖੀ ਆਨਮਤੀਆਂ ਦੀ ਰੀਸੇ ਸਿਖਾਂ ਦੇ ਖ਼ਾਨਦਾਨਾਂ ਦੇ ਖ਼ਾਨਦਾਨ ਏਸ ਕੁਚਿਟਕ ਵਿਚ ਪਏ ਹੋਏ ਹਨ। ਭਲਾ ਕੁੜੀਆਂ ਨੂੰ ਪੜ੍ਹਾ ਕੇ ਕੋਈ ਨੌਕਰੀ ਕਰਾਉਣੀ ਹੈ। ਕੇਵਲ ਲੋਕ ਏਸ ਕਰਕੇ ਕੁੜੀਆਂ ਨੂੰ ਪੜ੍ਹਉਂਦੇ ਹਨ ਕਿ ਪੜ੍ਹੇ ਹੋਏ ਮੁੰਡਿਆਂ ਨੇ ਨਹੀਂ ਕਬੂਲਣੀਆਂ। ਗੱਠਜੋੜ ਕਰਨਾ ਹੋਇਆ ਪੜ੍ਹਿਆਂ ਹੋਇਆਂ ਮੁੰਡਿਆਂ ਨਾਲ। "ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰ" ਸਚ ਮੁਚ ਏਹਨਾਂ ਅਵਿਦਿਆ ਦੀਆ ਪੜ੍ਹਾਈਆਂ ਨੂੰ ਪੜ੍ਹ ਕੇ ਸਾਰੇ ਪੜ੍ਹਾਕੂ ਮੂਰਖ ਹੀ ਰਹਿੰਦੇ ਹਨ ਅਤੇ ਅਹਿਨਿਸਿ ਲਬ ਲੋਭ ਹੰਕਾਰ ਵਿਚ ਲਿਬੜਦੇ ਰਹਿੰਦੇ ਹਨ। ਹੰਕਾਰੀਆਂ ਲੋਭੀਆਂ ਨਾਲ ਸਬੰਧ ਕਰ ਕੇ ਆਪਣੀਆਂ ਲੜਕੀਆਂ ਨੂੰ ਸਦਾ ਦੁਖੀ ਰੱਖਣ ਦਾ ਆਪ ਹੀ ਦੁੱਖ ਸਹੇੜਦੇ ਹਨ। ਏਹਨਾਂ ਅਵਿਦਿਆ ਪੜ੍ਹਾਕੂ ਮੁੰਡਿਆਂ ਦੇ ਲੜ ਲਗੀਆਂ ਕੁੜੀਆਂ ਕਦੇ ਸੁਖੀ ਨਹੀਂ ਰਹਿੰਦੀਆਂ। ਲਾਲਚੀ ਮਾਪੇ ਮਾਇਆ ਦੇ ਲਾਲਚ ਅਧੀਨ ਹੋ ਕੇ ਆਪਣੀਆਂ ਲੜਕੀਆਂ ਦਾ ਸਾਂਢਾਂ ਗਾਂਢਾਂ ਕਰਦੇ ਹਨ। ਪੜ੍ਹਿਆਂ ਹੋਇਆਂ ਨੂੰ ਓਹ ਬਹੁਤੇ ਮਾਇਆ ਖੱਟੂ ਸਮਝਦੇ ਹਨ। ਪਰ ਪੜ੍ਹਿਆਂ ਹੋਇਆਂ ਦੇ ਦਿਮਾਗ ਫਿਰੇ ਹੋਏ ਹੁੰਦੇ ਹਨ, ਦਿਲ ਗੰਦੇ ਹੋ ਜਾਂਦੇ ਹਨ। ਜਾਣ ਬੁੱਝ ਕੇ ਏਹਨਾਂ ਦਿਲ ਗੰਦਿਆਂ ਮੁੰਡਿਆਂ ਦੀ ਫਾਸ ਖ਼ਾਵੰਦੀ ਵਿਚ ਆਪਣੀਆਂ ਲੜਕੀਆਂ ਨੂੰ ਫ਼ਸਾਉਣਾ ਕਿਧਰਲੀ ਦਾਨਾਈ ਹੈ ?

ਚਤੁਰ ਕੌਰ : ਧਾਰਮਕ ਸਕੂਲਾਂ ਕਾਲਜਾਂ ਵਿਚ ਸਿਖ ਆਪਣੀਆਂ ਲੜਕੀਆਂ ਨੂੰ ਕਿਉਂ ਨਹੀਂ ਪੜ੍ਹਾਉਂਦੇ ? ਕੀ ਸਿਖਾਂ ਦੇ ਆਸ਼੍ਰਮ ਲੜਕੀਆਂ ਪੜ੍ਹਾਉਣ ਲਈ ਹੈ ਨਹੀਂ ?

ਸੁਚੇਤ ਕੌਰ : ਹੈਨ ਬਥੇਰੇ, ਪਰ ਓਥੇ ਭੀ ਐਹੋ ਜਿਹੀ ਸੁਆਹ ਹੀ ਉਡਦੀ ਹੈ। ਧਾਰਮਕ ਵਿਦਿਆ ਓਥੇ ਮਿਲਦੀ ਹੀ ਨਹੀਂ। ਐਵੇਂ ਨਾਮ ਧ੍ਰੀਕ ਧਾਰਮਕ ਆਸ਼੍ਰਮ ਬਣੇ ਹੋਏ ਹਨ। ਏਹਨਾਂ ਨਾਮ ਧ੍ਰੀਕ ਧਾਰਮਕ ਆਸ਼੍ਰਮਾਂ ਵਿਚ ਧਾਰਮਕ ਜੀਵਨ ਵਾਲੇ ਟੀਚਰ ਪ੍ਰੋਫ਼ੈਸਰ ਹੁੰਦੇ ਹੀ

ਨਹੀਂ, ਐਵੇ ਪੋਪ ਧਰਮੀ ਉਸਤਾਦ ਹੀ ਹੁੰਦੇ ਹਨ। ਨਾ ਹੀ ਕੋਈ ਅਜਿਹਾ ਕੋਰਸ ਏਹਨਾਂ ਆਸ਼੍ਰਮਾਂ ਵਿਚ ਰਖਿਆ ਹੋਇਆ ਹੁੰਦਾ ਹੈ ਜਿਸ ਨੂੰ ਪੜ੍ਹ ਕੇ ਪੜ੍ਹਾ ਕੇ ਪੜ੍ਹਨਹਾਰਿਆਂ ਪੜ੍ਹਨਹਾਰੀਆਂ ਵਿਦਿਆਰਥੀ ਵਿਦਿਆਰਥਣਾਂ ਦੇ ਧਾਰਮਕ ਜੀਵਨ ਬਣਨ। ਹੋਰ ਤਾਂ ਹੋਰ, ਗਿਆਨੀ ਕਲਾਸ ਦੇ ਕੋਰਸ ਹੀ ਨਿਰੀ ਅਗਿਆਨਤਾ ਭਰੇ ਹੁੰਦੇ ਹਨ, ਬਦਇਖ਼ਲਾਕੀ ਦੀ ਸਿਖਿਆ ਦੇਣ ਵਾਲੇ ਹੁੰਦੇ ਹਨ। ਕੁੜਾਵੇ ਇਸ਼ਕੀਆ ਨਾਵਲ ਪੜ੍ਹ ਕੇ ਪੜ੍ਹਨਹਾਰਿਆਂ ਦੇ ਦਿਲ ਦਿਮਾਗ ਹੋਰ ਭੀ ਗੰਦੇ ਹੋ ਜਾਂਦੇ ਹਨ, ਅਤੇ ਗੁਰਸਿਖੀ ਵਾਲੀ ਭੈ-ਭਾਵਨੀ ਤੋਂ ਕੋਹਾਂ ਦੂਰ ਦੁਰਾਡੇ ਚਲੇ ਜਾਂਦੇ ਹਨ। ਅਸਲ ਗੱਲ ਤਾਂ ਇਹ ਹੈ ਕਿ ਲੜਕੀਆਂ ਨੂੰ ਕੀ, ਲੜਕਿਆਂ ਨੂੰ ਪੜ੍ਹਾਉਣਾ ਹੀ ਪਾਪ ਹੈ। ਕੀ ਆਨਮਤੀ ਆਸ਼੍ਰਮ ਕੀ, ਨਾਮਧਰੀਕ ਸਿਖ-ਆਸ਼੍ਰਮ, ਸਭ ਖਲਜਗਣੀ ਵਿਦਿਆ ਦੇ ਅਡੇ ਬਣੇ ਹੋਏ ਹਨ। ਏਹਨਾਂ ਉਤ ਗਇਆਂ ਆਵਿਆਂ ਵਿਚ ਜੀਵਨ ਸੜਦਾ ਕੁੜ੍ਹਦਾ ਹੈ, ਬਣਦਾ ਨਹੀਂ। ਅਤੇ ਜੀਵਨ (ਬਣੇ) ਬਿਨਾਂ ਪੜ੍ਹਾਈ ਕਿਸ ਲੇਖੇ? ਇਹ ਸਿਖ ਆਸ਼੍ਰਮ ਗੁਰਮਤਿ-ਰਹਿਤ-ਰਹਿਣੀ ਦੇ ਦੁਸ਼ਮਨ ਹਨ। ਸਿਖ ਕਾਲਜਾਂ ਵਿਚੋਂ ਅਧਰਮੀ, ਕੁਸੰਗੀ ਅਤੇ ਨਾਸਤਿਕ ਹੋ ਕੇ ਲੜਕੇ ਨਿਕਲਦੇ ਹਨ। ਦਾੜ੍ਹੀਆਂ ਉਗਣ ਹੀ ਨਹੀਂ ਦਿੰਦੇ। ਘਸਾ ਘਸਾ ਕੇ ਮਾਸ ਨਾਲ ਮਿਲਾ ਦਿੰਦੇ ਹਨ।

ਚਤੁਰ ਕੌਰ : ਇਹ ਤਾਂ ਦ੍ਰਿੜ੍ਹ ਹੋ ਗਿਆ ਕਿ ਬਿਨਾਂ ਕੇਸਕੀ (ਦਸਤਾਰ) ਸਜਾਏ ਤੋਂ ਅੰਮ੍ਰਿਤਧਾਰੀ ਜਨ (ਚਾਹੇ ਇਸਤ੍ਰੀ ਹੋਵੇ ਚਾਹੇ ਪੁਰਸ਼) ਗੁਰੂ ਦੀ ਦਰਸਾਈ ਰਹਿਤ ਤੋਂ ਹੀਣੇ ਊਣੇ ਹਨ। ਅਤੇ ਇਹ ਭੀ ਸਿਧ ਹੋ ਗਿਆ ਕਿ ਗੁੱਤ ਕਰਨ ਵਾਲੀਆਂ ਅੰਮ੍ਰਿਤਧਾਰਨੀ ਯੁਵਤੀਆਂ ਚੌਥੇ ਕਕਾਰ ਕੰਘੇ ਤੋਂ ਭੀ ਹੀਣੀਆਂ ਹੋ ਜਾਂਦੀਆਂ ਹਨ। ਪਰ ਇਹ ਅਜਿਹੀ ਰਹਿਤ-ਹੀਣਤਾ ਨੂੰ ਟਿੱਚ ਕਰਕੇ ਕਿਉਂ ਜਾਣਦੀਆਂ ਹਨ?

ਸੁਚੇਤ ਕੌਰ : ਇਹ ਏਹਨਾਂ ਦੇ ਅਭਾਗ ਹਨ। ਖੋਟੀ ਮਤ ਵਾਲੀਆਂ ਦੇ

ਖੋਟੇ ਕਰਮ ਹਨ। ਗੁਰੂ ਦਸਮੇਸ਼ ਪਾਤਸ਼ਾਹ ਤਾਂ ਫ਼ੁਰਮਾਉਂਦੇ ਹਨ, "ਰਹਿਤ ਪਿਆਰੀ ਮੋਹ ਕਉ ਸਿਖ ਪਿਆਰਾ ਨਾਹਿ।" ਅਰ "ਰਹਿਣੀ ਰਹੇ ਸੋਈ ਸਿਖ ਮੇਰਾ"। ਰਹਿਤ ਰਹਿਣੀ ਰੱਖਣ ਵਾਲਾ ਹੀ ਗੁਰੂ ਦਸਮੇਸ਼ ਦਾ ਸਿਖ ਸਦਾ ਸਕਦਾ ਹੈ। ਏਹਨਾਂ ਰਹਿਤ-ਰਹਿਣੀਮਈ ਕਕਾਰਾਂ ਵਿਚੋਂ ਜੋ ਕੋਈ ਸਿਦਕਵਾਨ ਸਿਖ ਭੁੱਲ ਕੇ ਖਿਨ ਮਾਤਰ ਭੀ ਕੋਈ ਕਕਾਰ ਵਿਸਾਰ ਦਿੰਦਾ ਹੈ, ਉਹ ਉਤਨਾ ਚਿਰ ਅੰਨ ਜਲ ਅੰਗੀਕਾਰ ਨਹੀਂ ਕਰਦਾ ਜਦ ਤਾਈਂ ਉਹ ਭੁੱਲ ਨਾ ਬਖ਼ਸ਼ਾ ਲਵੇ ਅਤੇ ਅਰਦਾਸਾ ਨਾ ਸੁਧਾ ਲਵੇ। ਜਿਹੜੀਆਂ ਯੁਵਤੀਆਂ ਗੁਰੂ ਦੀਆਂ ਅੰਮ੍ਰਿਤਧਾਰੀ ਭੁਝੰਗਣਾਂ ਸਿੰਘਣੀਆਂ ਹੋ ਕੇ ਜਾਣ ਬੁੱਝ ਕੇ, ਗਿਣ ਮਿਥ ਕੇ ਕੇਸਕੀ (ਦਸਤਾਰ) ਰੂਪੀ ਕਕਾਰ ਨੂੰ ਵਿਸਾਰੀ ਰਖਦੀਆਂ ਹਨ ਓਹ ਤਾਂ ਪਰਲੇ ਦਰਜੇ ਦੀਆਂ ਤਨਖ਼ਾਹੀ ਹਨ। ਓਹਨਾਂ ਦਾ ਜੂਠਾ ਖਾਣ ਵਾਲੇ ਅਤੇ ਓਹਨਾਂ ਦੇ ਨਾਲ ਅਭੇਦ ਹੋਣ ਵਾਲੇ ਓਹਨਾਂ ਦੇ ਪਤੀ ਭੀ ਤਨਖ਼ਾਹੀਏ ਹਨ।

ਚਤੁਰ ਕੌਰ : ਅਜਿਹੇ ਪਤੀ ਸਦਾਉਣ ਵਾਲੇ ਸਿੰਘਾਂ ਨੂੰ ਸਤਿਕਾਰਨ ਆਦਰਨਾ ਭੀ ਮਹਾਂ ਭੁੱਲ ਹੈ, ਜੋ ਆਪਣੀਆਂ ਅਰਧੰਗੀਆਂ ਨੂੰ ਭੀ ਤਿਆਰ-ਬਰ-ਤਿਆਰ ਨਹੀਂ ਰਖ ਸਕਦੇ।

ਸੁਚੇਤ ਕੌਰ : ਅਜਿਹੇ ਰੰਨਾਂ ਦੇ ਮਹਾਂ ਮੂਜੂਆਂ ਦਾ ਗੁਰੂ ਘਰ ਅੰਦਰ ਸਤਿਕਾਰ ਨਹੀਂ, ਜੈਸਾ ਕਿ ਓਹਨਾਂ ਸਿੰਘਾਂ ਦਾ ਹੈ ਜੋ ਖ਼ੁਦ ਭੀ ਸਿੰਘਾਂ ਵਾਲੀ ਰਹਿਤ ਧਾਰਨ ਵਿਚ ਸਦਾ ਤਿਆਰ-ਬਰਤਿਆਰ ਰਹਿੰਦੇ ਹਨ ਅਤੇ ਆਪਣੀਆਂ ਸਿੰਘਣੀਆਂ ਨੂੰ ਭੀ ਤਿਆਰ ਬਰਤਿਆਰ ਪੰਜ ਕਕਾਰ ਧਾਰਨੀ ਰਖਦੇ ਹਨ।

ਚਤੁਰ ਕੌਰ : ਓਹਨਾਂ ਨੂੰ ਇਹ ਗੱਲ ਰੜਕਣੀ ਚਾਹੀਦੀ ਹੈ ਅਤੇ ਰੜਕਾਉਣੀ ਚਾਹੀਦੀ ਹੈ।

ਸੁਚੇਤ ਕੌਰ : ਇਸ ਤੋਂ ਵਧ ਕੀ ਰੜਕ-ਰੜਕਾਈ ਹੋ ਸਕਦੀ ਹੈ ਕਿ ਅਜਿਹੇ ਸਿੰਘਾਂ ਨੂੰ, ਜਿਨ੍ਹਾਂ ਦੀਆਂ ਸਿੰਘਣੀਆਂ ਪੰਜ-ਕਕਾਰੀ ਰਹਿਤ

ਵਿਚ ਤਿਆਰ-ਬਰ-ਤਿਆਰ ਨਹੀਂ ਹੁੰਦੀਆਂ ਅਤੇ ਪੰਜਵਾਂ ਕਕਾਰ ਕੇਸਕੀ (ਦਸਤਾਰ) ਉੱਕਾ ਹੀ ਨਹੀਂ ਰਖਦੀਆਂ, ਓਹਨਾਂ ਨੂੰ ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਵਿਖੇ ਅੰਮ੍ਰਿਤ-ਸਿੰਚਾਰ ਸਮੇਂ ਨਹੀਂ ਲਿਆ ਜਾਂਦਾ, ਕਿਉਂਕਿ ਓਹ ਰਹਿਤ ਬਹਿਤ ਵਿਚ ਢਿਲੀਆਂ ਸਿੰਘਣੀਆਂ ਨਾਲ ਅਭੇਦ ਹੋਣ ਕਰਕੇ ਖ਼ੁਦ ਭੀ ਰਹਿਤ-ਰਹਿਣੀ ਤੋਂ ਢਿੱਲੇ ਗਰਦਾਨੇ ਜਾਂਦੇ ਹਨ।

ਚਤੁਰ ਕੌਰ : ਵਡੀਆਂ ਕੁਰਹਿਤਾਂ ਕਰਨ ਵਾਲੀਆਂ ਦੇ ਪਤੀ ਸਿੰਘਾਂ ਨੂੰ ਕੀ ਡੰਨ ਲਗਦਾ ਹੈ।

ਸੁਚੇਤ ਕੌਰ : ਓਹ ਪਤਿਤ ਗਰਦਾਨੇ ਜਾਂਦੇ ਹੈਨ। ਪਤਿਤ ਸਿੰਘਣੀਆਂ ਨਾਲ ਅਭੇਦ ਹੋਣ ਵਾਲੇ ਪਤਿਤ ਹੀ ਸਮਝੇ ਜਾਂਦੇ ਹਨ। ਉਹਨਾਂ ਨੂੰ ਮੁੜ ਅੰਮ੍ਰਿਤ ਛਕਣਾ ਪੈਂਦਾ ਹੈ ਅਤੇ ਅੰਮ੍ਰਿਤ ਛਕਣ ਸਮੇਂ ਜੋ ਤਨਖ਼ਾਹ ਲਗੇ ਸੋ ਸਹਿਣੀ ਪੈਂਦੀ ਹੈ।

ਚਤੁਰ ਕੌਰ : ਤਦ ਤਾਂ ਇਕੱਲੇ ਸਿੰਘ ਦਾ ਅੰਮ੍ਰਿਤ ਛਕਿਆ ਪਰਵਾਨ ਨਹੀਂ ਜਦ ਤਾਈਂ ਉਸ ਦੀ ਅਰਧੰਗੀ ਨਾ ਛਕੇ।

ਸੁਚੇਤ ਕੌਰ : ਅਰਧ-ਅੰਗੀ ਹੋਣ ਕਰਕੇ ਸਿੰਘ ਦਾ ਅਧਾ ਅੰਗ ਕਿਉਂ ਬੇਅੰਮ੍ਰਿਤੀਆ ਰਹੇ। ਜਿਸ ਪੁਰਸ਼ ਦੀ ਅਰਧੰਗੀ ਅੰਮ੍ਰਿਤ ਨਾ ਛਕਿਆ ਚਾਹੇ ਉਸ ਪੁਰਸ਼ ਨੂੰ ਅੰਮ੍ਰਿਤ ਨਹੀਂ ਛਕਾਇਆ ਜਾਂਦਾ। ਅਤੇ ਜਿਸ ਇਸਤ੍ਰੀ ਦਾ ਪੁਰਸ਼ ਭੀ ਅੰਮ੍ਰਿਤ ਛਕਣੋਂ ਇਨਕਾਰੀ ਹੋਵੇ ਉਸ ਨੂੰ ਭੀ ਅੰਮ੍ਰਿਤ ਨਹੀਂ ਛਕਾਇਆ ਜਾਂਦਾ, ਜਦ ਤਾਈਂ ਅੰਮ੍ਰਿਤ ਛਕਣ ਵਾਲਾ ਪੁਰਸ਼ ਇਹ ਪੱਕਾ ਪ੍ਰਣ ਗੁਰੂ ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਅਗੇ ਨਾ ਕਰ ਲਵੇ ਕਿ ਉਹ ਆਪਣੀ ਅਰਧੰਗੀ ਨਾਲ ਓਦੋਂ ਤਾਈਂ ਅਭੇਦ ਨਹੀਂ ਹੋਵੇਗਾ (ਗ੍ਰਿਹਸਤ ਨਹੀਂ ਕਰੇਗਾ) ਜਦ ਤਾਈਂ ਕਿ ਉਹ (ਉਸ ਦੀ ਅਰਧੰਗੀ) ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਨਾ ਸਜ ਜਾਵੇ। ਏਸੇ ਤਰ੍ਹਾਂ ਉਸ ਇਕੱਲੀ ਅਰਧੰਗੀ ਨੂੰ ਅੰਮ੍ਰਿਤ ਨਹੀਂ ਛਕਾਇਆ ਜਾਂਦਾ ਜਦ

ਤਾਈਂ ਉਹ ਉਪਰ ਦਸੇ ਪ੍ਰਣ ਲੈਣ ਨੂੰ ਤਿਆਰ ਨਾ ਹੋਵੇ।

ਚਤੁਰ ਕੌਰ : ਕਈ ਥਾਵਾਂ ਤੇ ਤਾਂ, ਖਾਸ ਕਰ ਅਕਾਲ ਤਖ਼ਤ ਤੇ ਤਾਂ ਇਕੱਲੇ ਇਕੱਲਿਆਂ ਅਤੇ ਇਕੱਲੀਆਂ ਇਕੱਲੀਆਂ ਨੂੰ ਭੀ ਅੰਮ੍ਰਿਤ ਛਕਾ ਦਿੰਦੇ ਹਨ ਅਤੇ ਪ੍ਰਣ ਭੀ ਨਹੀਂ ਲੈਂਦੇ, ਚਾਹੇ ਓਹਨਾਂ ਦੇ ਘਰ-ਵਾਲੇ ਤੇ ਘਰ-ਵਾਲੀਆਂ ਅੰਮ੍ਰਿਤ ਛਕਣ ਜਾਂ ਨਾ ਛਕਣ। ਜਦੋਂ ਚਾਹੁਣ ਛਕ ਲੈਣ।

ਸੁਚੇਤ ਕੌਰ : ਇਹ ਓਹਨਾਂ ਦੀ ਭੁੱਲ, ਮਹਾਂ ਭੁੱਲ ਹੈ। ਪਿਛਲੇ ਪੁਜਾਰੀਆਂ ਦੀ ਲੀਕ ਅਜੇ ਓਹਨਾਂ ਤੋਂ ਮਿਟੀ ਨਹੀਂ। ਏਹਨਾਂ ਅਕਾਲੀਆਂ ਦਾ ਕੀ ਠਿਕਾਣਾ ਹੈ! ਇਹ ਤਾਂ ਗਾਂਧੀ ਦੇ ਪਿਛੇ ਲਗ ਕੇ ਹਿੰਦੂ ਮੁਸਲਮਾਨ ਅਨਮਤੀਆਂ ਨਾਲ ਇਕੱਠੇ ਖਾਣ ਨੂੰ ਭੀ ਕੋਈ ਕੁਰਹਿਤ ਨਹੀਂ ਸਮਝਦੇ। ਹਾਲਾਂ ਕਿ ਗੁਰੂ ਸਾਹਿਬ ਦਾ ਹੁਕਮ ਹੈ ਕਿ ਨੜੀ-ਮਾਰ, ਕੁੜੀ-ਮਾਰ, ਸਿਰ-ਗੁੰਮ ਨਾਲ ਰੋਟੀ ਬੇਟੀ ਦੀ ਕੋਈ ਸਾਂਝ ਨਹੀਂ ਰੱਖਣੀ, ਖਾਨ ਪਾਨ ਦਾ ਕੋਈ ਸੰਜੋਗ ਨਹੀਂ ਰਖਣਾ। ਪਰ ਇਹ ਅੱਜ ਗਾਂਧੀਏ ਅਕਾਲੀ (ਪਲਾਲੀ) ਸਿਖ,ਗੁਰੂ ਦੇ ਹੁਕਮਾਂ ਦੀ ਕੀ ਪਰਵਾਹ ਕਰਦੇ ਹਨ। ਏਹਨਾਂ ਨੂੰ ਕੋਈ ਭੈ-ਭਾਵਨੀ ਨਹੀਂ ਗੁਰੂ ਹੁਕਮਾਂ ਦੇ ਕਮਾਵਨ ਦੀ। ਨਿਰਭੈ ਹੋ ਕੇ ਨੜੀ-ਮਾਰਾਂ ਨਾਲ ਇਕੋ ਰਕੇਬੀ ਵਿਚ ਖਾਂਦੇ ਪੀਂਦੇ ਹਨ। ਐਹੋ ਜਹਿਆਂ ਦੇ ਹੱਥਾਂ ਵਿਚ ਜੇ ਅੰਮ੍ਰਿਤ ਛਕਾਉਣ ਦੀ ਰਸਮ-ਰਿਵਾਜੀ ਕਸਬ ਆ ਜਾਵੇ ਤਾਂ ਓਹਨਾਂ ਨੂੰ ਕੀ ਪਰਵਾਹ ਹੋ ਸਕਦੀ ਹੈ ਕਿ ਕੋਈ ਅੰਮ੍ਰਿਤ ਛਕਣ ਵਾਲਾ ਇਸਤ੍ਰੀ ਪੁਰਸ਼ ਤਿਆਰ-ਬਰ-ਤਿਆਰ ਰਹਿਣ ਦੀ ਪਾਬੰਦੀ ਵਿਚ ਪਵੇ। ਏਹਨਾਂ ਨਾਮ-ਧ੍ਰੀਕ ਅਕਾਲੀਆਂ ਨੇ ਗੁਰ-ਹੁਕਮਾਂ ਦੀ ਨਾ-ਫ਼ੁਰਮਾਨੀ ਕਰਦਿਆਂ ਹੋਇਆਂ ਖ਼ਾਲਸੀਅਤ, ਨਿਆਰਾਪਣ, ਅਤੇ ਤੇਜੀਅਤ ਕਰਾਰਾਪਣ ਗੰਵਾ ਲਿਆ। ਨਾ ਏਹਨਾਂ ਦਾ ਧਰਮ ਕਰਮ ਖਾਲਸ ਅਕਾਲੀਆਂ ਸਿੰਘਾਂ ਵਾਲਾ ਰਿਹਾ,ਨਾ ਏਹਨਾਂ ਦਾ ਪਰਮ ਧਰਮ ਸਿੰਘਾਂ ਸੂਰਮਿਆਂ ਵਾਲਾ ਰਿਹਾ। ਨਾ ਏਹਨਾਂ ਦਾ ਕਸਬ ਕਾਜ, ਰਾਜ ਸਾਜ,

ਨਿਰਾਲੀ ਗੁਰਮੁਖਾਂ ਵਾਲੀ ਹਲੇਮਤਾ ਦਾ ਰਿਹਾ। ਰਹਿਤ ਰਹਿਣੀ ਤਾਂ ਉੱਕੀ ਨਾ ਰਹੀ। ਅਨਮਤੀਆਂ ਵਿਚ ਮਿਲਗੋਭਾ ਹੋ ਕੇ ਏਹਨਾਂ ਨੇ ਸਾਰੀ ਰਹੁ ਰੀਤਿ, ਕਰਨੀ ਧਰਨੀ ਅਨਮਤੀਆਂ ਵਾਲੀ ਹੀ ਗ੍ਰਹਿਣ ਕਰ ਲਈ। ਗੁਰਬਾਣੀ ਨਾਮ ਨਾਲ ਨਾ ਏਹਨਾਂ ਦਾ ਪਿਆਰ ਨਾ ਏਅਤਕਾਦ। ਫੋਕੀ ਰਾਜਗੀਰੀ ਦੀ ਹਵਸ ਹਿਰਸ ਹੀ ਏਹਨਾਂ ਉਤੇ ਸਵਾਰ ਹੈ, ਜਿਸਦੀ ਖ਼ਾਤਰ ਓਹ ਅਨਮਤੀਆਂ ਦੀ ਦੁਬੇਲਤਾ ਅਗੇ ਗੁਲਾਮੀ ਵਾਲਾ ਗੀਦੀਪਣ ਗ੍ਰਹਿਣ ਕਰਨ ਤੋਂ ਭੀ ਦਰ ਗੁਜ਼ਰ ਨਹੀਂ ਕਰਦੇ। ਪਰਮਾਰਥ ਵਾਲਾ ਉੱਚਾ-ਸੁੱਚਾ ਔਜ-ਜਜ਼ਬਾ ਉੱਕਾ ਹੀ ਖੁਹਾ ਬੈਠੇ ਹਨ। ਪੰਥਕ ਹਿਤੈਸ਼ਤਾ ਦਾ ਦਮ ਖਮ ਮਾਰਦੇ ਭੀ ਜੋ ਹਨ, ਓਹ ਭੀ ਅਨਮਤੀਆਂ ਦਾ ਆਸਰਾ ਤਕਦੇ ਹਨ। ਹਿੰਦੂ ਮਹਾਸ਼ਿਆਂ ਦੇ ਖਮੀਰ ਵਿਚ ਸ਼ੀਰੋ ਸ਼ੱਕਰ ਹੋਇਆਂ ਨੂੰ, ਖ਼ਾਲਸੀਅਤੀ ਤੱਤ ਵਾਲਾ ਨਿਰਾਲਾਪਨ ਓਹਨਾਂ ਵਿਚ ਰਹਿੰਦਾ ਹੀ ਨਹੀਂ। ਤੱਤ ਪ੍ਰਮਾਰਥੀ ਗੁੜ੍ਹਤੀ ਤੋਂ ਖ਼ਾਲੀ ਹੋ ਕੇ ਠੈਂ ਠੈਂ ਛਣਕਣੇ ਛਣਕਾਉਂਦੇ ਹਨ। ਆਪਣੀਆਂ ਅਰਧੰਗੀਆਂ ਨੂੰ ਲਾਲੀਆਂ ਹਿੰਦਣੀਆਂ ਰੱਖਣ ਵਿਚ ਹੀ ਰਾਜ਼ੀ ਹਨ। ਘੱਗਰੀਆਂ ਸਾੜ੍ਹੀਆਂ ਨਿਸ਼ੰਗ ਪਾਉਣ, ਪਰ ਮਜਾਲ ਹੈ ਕਿ ਗੁਰੂ ਘਰ ਦੀਆਂ ਸਿੰਘਣੀਆਂ ਭੁਝੰਗਣਾਂ ਦੀ ਗੁਰਮਤਿ ਰਹਿਤ-ਰਹਿਣੀ ਵੇਸ ਧਾਰਨ ਕਰਾਉਣ। ਖ਼ਾਲਸੀਅਤ ਚਿਤ-ਬਿਰਤੀ ਉਤੇ ਵੇਸ ਪਹਿਰਾਵੇ ਦਾ ਬੜਾ ਹੀ ਅਸਰ ਹੁੰਦਾ ਹੈ। ਹਰੇਕ ਗੁਰਮੁਖ ਸਿੰਘ ਦੇ ਗੁਰਮੁਖੀ ਪਹਿਰਾਵੇ ਚੋਂ ਗੁਰਮੁਖਤਾਈ ਟਪਕਦੀ ਹੈ, ਜਦੋਂ ਉਹਦੇ ਗੁਰਮੁਖਾਂ ਵਾਲੇ ਗੁਰਮੁਖੀ ਦਾੜ੍ਹੇ ਤੇ ਦੂਹਰੇ ਦਸਤਾਰ ਸੁਰਮਤਈ ਸੁਰਮਈ ਬਸਤ੍ਰੀ ਦੁਮਾਲੇ ਸੀਸ ਤੇ ਸਜਾਏ ਹੁੰਦੇ ਹਨ। ਦਾੜ੍ਹੇ ਨਰੜੇ ਹੋਏ ਕੋਟ ਪਤਲੂਣੀਏ ਰੰਗ-ਬਰੰਗੀ ਦਸਤਾਰ ਫ਼ੈਸ਼ਨੀਏ ਸਿਖ ਨਿਰਾਲੇ ਗੁਰਮੁਖਿ ਸਿੰਘ ਕਦੇ ਭੀ ਪਰਤੀਤ ਨਹੀਂ ਹੁੰਦੇ। ਫੇਰ ਜਦੋਂ ਓਹਨਾਂ ਦੇ ਨਾਲ ਜ਼ਨਾਨਾ ਬਜ਼ਾਨਾ ਸਾੜ੍ਹੀਆਂ ਵਾਲੀਆਂ ਵੇਸ ਫ਼ੈਸ਼ਨ ਪੁਤਲੀਆਂ ਪਤਨੀਆਂ ਹੁੰਦੀਆਂ ਹਨ, ਜੀਹਨਾਂ ਦੇ ਹਥਾਂ ਵਿਚ ਗਿਲਟ ਕੀਤੀਆਂ

ਹੋਈਆਂ ਚੂੜੀਆਂ ਕੜਿਆਂ ਦੇ ਥਾਂ ਪਾਈਆਂ ਹੋਈਆਂ ਹੁੰਦੀਆਂ ਹਨ, ਦੰਦਾਂ ਉਤੇ ਦੰਦਾਸੇ ਮਲੇ ਹੋਏ ਅਤੇ ਬੁਲ੍ਹਾਂ ਉਤੇ ਪਾਨ ਦੇ ਕਸੁੰਭੀ ਰੰਗ ਚੜ੍ਹੇ ਹੋਏ ਹੁੰਦੇ ਹਨ, ਸਿਰਾਂ ਦੀ ਤਾਂ ਗੱਲ ਹੀ ਛਡ ਦਿਓ, ਓਹਨਾਂ ਦੇ ਨਾਲ ਬਾਂਹ ਵਿਚ ਬਾਂਹ ਪਾ ਕੇ ਫਿਰਨ ਵਾਲੇ ਅਜ ਕਲ੍ਹ ਦੇ ਫ਼ੈਸ਼ਨਦਾਰ ਸਿਖ ਭੀ ਕਦੇ ਅਕਾਲੀ ਖ਼ਾਲਸੇ ਕਹਾ ਸਕਦੇ ਹਨ ! ਫੇਰ ਓਹ ਦਮਗਜੇ ਮਾਰਦੇ ਹਨ ਕਿ ਜੀ, ਮਨ ਸਾਫ਼ ਸ਼ੁੱਧ ਹੋਣਾ ਚਾਹੀਦਾ ਹੈ, ਗੁਰਸਿਖਾਂ ਵਾਲੀ ਕਕਾਰ ਰਹਿਤ ਵਿਚ ਕੀ ਪਿਆ ਹੈ। ਓਹਨਾਂ ਤੋਂ ਕੋਈ ਪੁਛੇ ਕਿ ਜੇ ਓਹਨਾਂ ਦੇ ਮਨ ਸਾਫ਼ ਹੋਣ ਤਾਂ ਮੂੰਹ ਕਿਉਂ ਓਹਨਾਂ ਦੇ ਲਿਬੜੇ ਹੋਏ ਹੋਣ, ਦੰਦ ਬੁਲ੍ਹੀਆਂ ਸੁਰਖ਼ੀਆਂ ਨਾਲ ਕਿਉਂ ਰੰਗੀਆਂ ਹੋਈਆਂ ਹੋਣ। ਐਸ਼-ਇਸ਼ਤਰੀ ਦੇ ਪਹਿਰਾਵੇ, ਅੰਦਰਲੇ ਮਨ ਦੇ ਨੀਵਾਂਪਣ ਦਾ ਸਬੂਤ ਦਿੰਦੇ ਹਨ। ਅੰਦਰ ਓਹਨਾਂ ਦੇ ਮਨ ਵਿਚ ਸਫ਼ਾਈ ਸਫ਼ੂਈ ਹਰਗਿਜ਼ ਨਹੀਂ ਹੁੰਦੀ। ਬੁਰਿਆਈਆਂ ਨੂੰ ਲੋਚਣ ਵਾਲੇ ਓਹਨਾਂ ਦੇ ਮਨ ਹੁੰਦੇ ਹਨ। ਤਦੇ ਹੀ ਤਾਂ ਓਹ ਬੁਰਿਆਰਾਂ ਵਾਲਾ ਬੇਸ਼ਰਮੀ ਵੇਸ ਫ਼ੈਸ਼ਨ ਪਹਿਰਾਵਾ ਅਖ਼ਤਿਆਰ ਕਰਦੇ ਕਰਾਉਂਦੇ ਹਨ।

ਚਤੁਰ ਕੌਰ : ਹਾਂ ਜੀ, ਇਹ ਗੱਲ ਸੱਚ ਹੈ, ਸੋਲ੍ਹਾਂ ਆਨੇ ਸੱਚ ਹੈ। ਐਵੇਂ ਹੀ ਬਹਾਨੇ ਹੁੱਜਤਾਂ ਢੇਰ ਬਣਾਉਣ ਵਾਲਿਆਂ ਦੇ ਮਨ ਹਰਾਮੀ ਹੁੰਦੇ ਹਨ। ਗੁਰੂ ਦੀ ਪੰਜ ਕਕਾਰ ਰਹਿਣੀ ਤੋਂ ਗਿਰੀਆਂ ਹੋਈਆਂ ਜ਼ਨਾ-ਨੀਆਂ (ਤੀਮੀਆਂ ਕੁੜੀਆਂ) ਦੇ ਮੂੰਹੋਂ ਅਜਿਹੀਆਂ ਹੁੱਜਤਾਂ ਹੁੰਦੀਆਂ ਅਨੇਕ ਵਾਰੀ ਸੁਣੀਆਂ ਹਨ—ਦਸਤਾਰ (ਪਗ) ਬੰਨ੍ਹੇ ਤੇ ਕੀ ਬਹੁਤ ਸਿੱਖੀ ਆਉਂਦੀ ਹੈ ? ਸਿਖੀ ਤਾਂ ਨਾਮ ਬਾਣੀ ਨਾਲ ਆਉਂਦੀ ਹੈ।

ਸੁਚੇਤ ਕੌਰ : ਕੋਈ ਓਹਨਾਂ ਤੋਂ ਪੁਛੇ ਕਿਤਨਾ ਕੁ ਓਹ ਨਾਮ ਜਪਦੀਆਂ ਹਨ ਅਤੇ ਕਿਤਨਾ ਕੁ ਓਹਨਾਂ ਦਾ ਮਨ ਸਾਫ਼ ਹੋਇਆ। ਮਨ ਤਾਂ ਆਲੂਦਾ ਪ੍ਰਾਗੰਦਾ(ਗੰਦੇ) ਖ਼ਿਆਲਾਂ ਵਿਚ ਹਮੇਸ਼ਾਂ ਮੁਬਤਲਾ(ਗ੍ਰਸਿਆ) ਰਹਿੰਦਾ ਹੈ। ਤਾਹੀਓਂ ਤਾਂ ਓਹ ਫ਼ੈਸ਼ਨ-ਪਠੋਰੀਆਂ ਬਣਨ ਦੇ ਨਾਨ੍ਹਾ

ਪਰਕਾਰੀ ਕਜੀਏ ਸਹੇੜਦੀਆਂ ਹਨ। ਓਹਨਾਂ ਨੇ ਕਦੇ ਭੁਲ ਕੇ ਭੀ ਗੁਰਬਾਣੀ ਦਾ ਨਿਤਨੇਮ ਨਹੀਂ ਕੀਤਾ ਹੋਣਾ। ਨਾਮ ਬਾਣੀ ਦਾ ਤਾਂ ਓਹਨਾਂ ਨੂੰ ਵੇਹਲ ਹੀ ਨਹੀਂ ਮਿਲਦਾ। ਫ਼ੈਸ਼ਨਾਂ ਦੇ ਧੰਦੇ ਪਿਟਣ ਵਿਚ ਹੀ ਸਾਰੀ ਆਵਰਦਾ ਓਹਨਾਂ ਦੀ ਵਿਹਾ ਜਾਂਦੀ ਹੈ।

ਅਜ ਕਲ੍ਹ ਦੀਆਂ ਫ਼ੈਸ਼ਨਦਾਰ ਕੁੜੀਆਂ ਗੁਰਬਾਣੀ ਦਾ ਕੀਰਤਨ ਭੀ ਜੇ ਕਰਦੀਆਂ ਹਨ ਤਾਂ ਓਹ ਫ਼ੈਸ਼ਨ ਪੂਰਬਕ ਹੀ ਕਰਦੀਆਂ ਹਨ। ਕੀਰਤਨ ਨਾ ਓਹਨਾਂ ਦੇ ਮਨੋਂ ਉਪਜਦਾ ਹੈ ਤੇ ਨਾ ਮਨ ਅੰਦਰ ਵਸਦਾ ਹੈ। ਫੋਕੀਆਂ ਤਰਜ਼ਾਂ ਗਾਵਣ ਵਿਚ ਹੀ ਰੀਝੀਆਂ ਰਹਿੰਦੀਆਂ ਹਨ ਅਤੇ ਹੋਰਨਾਂ ਨੂੰ ਰਿਝਾਉਣ ਵਿਚ ਬਦਮਸਤ ਹੁੰਦੀਆਂ ਹਨ। ਜੇ ਅੰਦਰਲੀ ਨਾਮ ਦੀ ਮਸਤੀ, ਸੱਚੀ ਮਸਤੀ ਨਾਲ ਕੀਰਤਨ ਕਰਨ ਤਾਂ ਆਪ ਭੀ ਵਿੰਨ੍ਹੀਆਂ ਜਾਣ ਅਤੇ ਕੀਰਤਨ-ਸ੍ਰੋਤਿਆਂ ਨੂੰ ਭੀ ਵਿੰਨ੍ਹ ਛਡਣ। ਜੀਹਨਾਂ ਦਾ ਮਨ ਸੱਚੀ ਭਾਉ-ਭਗਤੀ ਨਾਲ ਬੇਧਿਆ ਹੋਇਆ ਹੋਵੇ ਓਹਨਾਂ ਨੂੰ ਜ਼ੁਲਫ਼ਾਂ, ਮਾਂਗਾਂ, ਚੀਰਮੀਆਂ ਕਢਣ ਦੇ ਕਦੇ ਕੁਝੱਸ ਚਿਮੜ ਸਕਦੇ ਹਨ ? ਓਹ ਕਦੇ ਗੁਰੂ ਦੀ ਰਹਿਤ-ਰਹਿਣੀ ਤੋਂ ਬੇਮੁਖ ਹੋ ਸਕਦੀਆਂ ਹਨ ? ਓਹਨਾਂ ਨੂੰ ਤਾਂ ਗੁਰੂ ਕੇ ਹਰੇਕ ਹੁਕਮ, ਇਕ ਇਕ ਹੁਕਮ ਦੀ ਤਾਮੀਲ ਕਰਨ ਦਾ ਚਾਉ ਚੜ੍ਹਿਆ ਰਹਿੰਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਸਤਿਗੁਰੂ ਦਾ ਹਰ ਇਕ ਹੁਕਮ ਕਮਾਵਣਾ ਹੀ ਗੁਰੂ ਕੀ ਰਹਿਤ ਦੀ ਪਾਲਣਾ ਹੈ ਅਤੇ ਸਭ ਤੋਂ ਮੁਖੀ ਹੁਕਮ ਨਾਮ-ਅਭਿਆਸ-ਕਮਾਈ ਕਰਨਾ ਹੈ। ਪਰ ਗੁਰੂ ਕੀ ਰਹਿਤ-ਰਹਿਣੀ ਰਖਣੀ ਨਾਮ ਅਭਿਆਸ ਦੇ ਸਾਧਨਾ ਦੇ ਸਹਾਈ ਧਰਮ, ਸਹਾਈ ਕਰਮ, ਪਰਮਾਰਥ ਐਂਜੀ ਕਰਮ ਹਨ। ਜੋ ਬੰਦੇ ਛੋਟੇ ਹੁਕਮਾਂ ਦੇ ਕਾਇਲ ਅਤੇ ਧਾਰਨੀ ਨਹੀਂ ਹੋ ਸਕਦੇ ਓਹ ਐਡੇ ਵਡੇ ਹੁਕਮ ਕਮਾਵਣ ਦੇ ਧਾਰਨੀ ਕਿਸ ਤਰ੍ਹਾਂ ਹੋ ਸਕਦੇ ਹਨ ? ਅਤੇ ਜੀਹਨਾਂ ਨੇ ਐਡੇ ਵਡੇ ਹੁਕਮ 'ਨਾਮ' ਨੂੰ ਕਮਾਵਣ ਦੀ ਡੀਂਗ ਮਾਰੀ ਹੈ ਉਹਨਾਂ ਨੂੰ ਰਹਿਤ ਬਹਿਤ ਰਖਣ ਵਿਚ ਦਸੋ ਕੀ ਵੱਢ ਪੈਂਦੀ ਹੈ ? ਨਹੀਂ ਇਹ

ਸਭ ਹੁੱਜਤਾਂ ਹਨ। ਕਜ-ਫ਼ੈਸ਼ਨੀਆਂ (ਹੋਛੇ ਫੈਸ਼ਨ ਵਾਲੀਆਂ) ਕੁੜੀਆਂ ਖੁਲ੍ਹਿਆਂ ਝਾਟਿਆਂ ਨਾਲ ਕੀਰਤਨ ਕਰਦੀਆਂ ਹੀ ਨਹੀਂ ਸੋਭਦੀਆਂ। ਓਹਨਾਂ ਦੇ ਕੀਰਤਨ, ਕੀਤੇ ਕੀਰਤਨ ਤਾਂ ਸੁਣਿਆਂ ਦੇ ਦਿਲਾਂ ਵਿਚ ਘਾਉ ਹੀ ਨਹੀਂ ਕਰਦੇ, ਸੋਭਦੇ ਹੀ ਨਹੀਂ। ਪੋਠੋਹਾਰ, ਖਾਸ ਕਰ ਰਾਵਲਪਿੰਡੀ ਕੀਰਤਨ ਦਾ ਗੜ੍ਹ ਸੀ। ਪਰ ਨਾਲ ਫੈਸ਼ਨ ਦੀ ਪਟਮੇਲੀ ਭੀ ਜੋ ਉਠੀ ਹੈ ਤਾਂ ਓਥੋਂ ਹੀ ਉਠੀ ਹੈ। ਇਸ ਫ਼ੈਸ਼ਨ ਨੇ ਸਾਰੀ ਸਿਖ ਉਮੱਤ ਦਾ ਸਤਿਆਨਾਸ ਕਰ ਦਿਤਾ ਹੈ। ਕਿਸੇ ਦਾ ਜੀਵਨ ਉਚਾ ਨਹੀਂ ਹੋਇਆ। ਨੀਚਤਾ ਵਾਲੀ ਗੰਦੀ ਨਾਲੀ ਵਿਚ ਹੀ ਜਾ ਡੁਬਿਆ। ਉਪਰੋਂ ਉਪਰੋਂ ਦਿਖਾਵੇ ਦਾ ਕੀਰਤਨ ਕਰਨ ਵਾਲੀਆਂ ਕੁੜੀਆਂ ਫ਼ੈਸ਼ਨ-ਪ੍ਰਸਤੀ ਦੇ ਅਜਿਹੇ ਵਹਿਣ ਵਿਚ ਰੁੜ੍ਹੀਆਂ ਕਿ ਮੁੜ ਤਾਬ ਨ ਆਈਆਂ। ਨਾ ਓਹਨਾਂ ਦੇ ਅੰਦਰ ਗੁਰਸਿਖੀ ਵੱਸੀ ਸੀ ਨਾ ਗੁਰਸਿਖਾਂ ਵਾਲੀ ਰਹਿਤ ਰਹਿਣੀ ਰਸੀ ਸੀ। ਜੀਹਨਾਂ ਨੇ ਦੇਖਾ ਦੇਖੀ ਖ਼ਾਲਸਈ ਵੇਸ ਦਸਤਾਰੇ ਵੀ ਸਜਾਏ ਸਨ, ਅਜ ਉਹ ਨੰਗੇ ਵਾਲੀਂ ਖੱਜਲ ਖੁਆਰ ਹੁੰਦੀਆਂ ਫਿਰਦੀਆਂ ਹਨ। ਅਸੀਂ ਇਹ ਨਹੀਂ ਕਹਿੰਦੇ ਕਿ ਖ਼ਾਲਸਈ ਵੇਸ ਨਿਰੇ ਦਿਖਾਵੇ ਦਾ ਹੀ ਹੋਵੇ। ਅੰਦਰੋਂ ਉਪਜਿਆ ਗੁਰ-ਹੁਕਮਾਂ ਦੀ ਤਾਮੀਲ ਵਿਚ ਧਾਰਨ ਕੀਤਾ ਗੁਰਮੁਖੀ ਵੇਸ ਸਦਾ ਸੁਹਾਉਂਦਾ ਹੈ। ਕੌਣ ਕਹਿੰਦਾ ਹੈ ਕਿ ਦਸਤਾਰੇ ਵਾਲੀਆਂ ਸਿੰਘਣੀਆਂ ਭੁਝੰਗਣਾਂ ਨਾਮ ਨਹੀਂ ਜਪਦੀਆਂ, ਗੁਰਬਾਣੀ ਦਾ ਨਿਤਨੇਮ ਨਹੀਂ ਕਰਦੀਆਂ ? ਉਹ ਡੀਂਗਾਂ ਫੜਾਂ ਨਹੀਂ ਮਾਰਦੀਆਂ ਦਸਤਾਰ-ਹੀਣੀਆਂ ਵਾਂਗੂ ਕਿ ਅਸੀਂ ਨਾਮ ਜਪਦੀਆਂ ਹਾਂ। ਦਸਤਾਰ-ਸਜੀਲੀਆਂ ਗੁਰ ਭੁਝੰਗਣਾਂ ਦੇ ਚੇਹਰਿਆਂ ਉਤੇ ਨਿਰਾ ਕੇਸਕੀ ਦਸਤਾਰੇ ਦੀ ਗੁਰਮੁਖਤਾ ਵਾਲਾ ਨੂਰ ਜਮਾਲ ਹੀ ਨਹੀਂ ਹੁੰਦਾ, ਬਲਕਿ ਨਿਰੀ ਪਰਮਾਰਥੀ ਸਪਿਰਟ ਵਾਲਾ ਰੰਗ ਰਤੜਾ ਜਲਾਲ ਹੁੰਦਾ ਹੈ।

ਚਤੁਰ ਕੌਰ : ਸਚਮੁਚ ਜੋ ਜੋਬਨ-ਜਲਾਲ ਅੰਮ੍ਰਿਤ ਛਕਣ ਸਾਰ ਓਹਨਾਂ

ਦੇ ਮੁਖੜਿਆਂ ਤੇ ਹੁੰਦਾ ਹੈ, ਉਹ ਝੱਲਿਆ ਨਹੀਂ ਜਾਂਦਾ ਅਤੇ ਇਹ ਭੀ ਗੱਲ ਠੀਕ ਹੈ ਕਿ ਪੂਰਨ ਰਹਿਤਵਾਨ ਦਸਤਾਰੇ ਵਾਲੀਆਂ ਭੁਝੰਗਣਾਂ ਦੇ ਜਲਾਲ ਭਰੇ ਜੋ ਕੀਰਤਨ ਹੁੰਦੇ ਹਨ, ਉਹ ਰਹਿਤਹੀਣਾਂ ਦੇ ਨਹੀਂ ਰਹਿੰਦੇ। ਮੈਂ ਭੀ ਜਦੋਂ ਅੰਮ੍ਰਿਤ ਛਕਿਆ ਸੀ ਓਦੋਂ ਤੋਂ ਜਦ ਤਾਈਂ ਪੂਰਨ ਖ਼ਾਲਸਈ ਰਹਿਤ ਦੀ ਧਾਰਨਾ ਵਿਚ ਤਤਪਰ ਰਹੀ ਅਤੇ ਦਸਤਾਰ ਸਜਾਉਂਦੀ ਰਹੀ, ਓਦੋਂ ਤਾਈਂ ਮੇਰੇ ਅੰਦਰ ਜੋ ਵਲਵਲਾ ਉਤਸ਼ਾਹ ਭਰਿਆ ਰਹਿੰਦਾ ਸੀ, ਉਹ ਬੜੀ ਹੀ ਚੜ੍ਹਦੀ ਕਲਾ ਵਾਲਾ ਸੀ। ਮੈਨੂੰ ਹਮੇਸ਼ਾ ਨਾਮ ਬਾਣੀ ਵਿਚ ਮਸਤ ਰਖਿਆ ਕਰਦਾ ਸੀ। ਜਦੋਂ ਭੀ ਮੈਂ ਕੀਰਤਨ ਕਰਨਾ, ਹਾਲੋਂ ਬੇਹਾਲ ਹੋ ਜਾਣਾ ਅਤੇ ਸੁਨਣ ਵਾਲਿਆਂ ਨੇ ਲੋਟ ਪੋਟ ਹੋ ਜਾਣਾ, ਪਰ ਮੇਰਾ ਇਹ ਜੋਤਿ-ਜਲਵਨੀ ਜੋਬਨ ਚੰਦ ਰੋਜ਼ ਹੀ ਰਿਹਾ। ਮੇਰਾ ਸਾਂਢਾ ਗਾਂਢਾ ਇਕ ਰਹਿਤ-ਹੀਣ ਗਭਰੂ ਨਾਲ ਮੇਰੇ ਮੂੜ੍ਹ ਮਾਪਿਆਂ ਨੇ ਕਰ ਦਿਤਾ। ਉਸ ਗਭਰੂ ਦੀ ਨਾਮ-ਧਰੀਕ ਸਿਖੀ ਦੀ ਢਹਿੰਦੀ ਕਲਾ ਨੇ ਮੈਨੂੰ ਢਹਿੰਦੀਆਂ ਪਸਤੀਆਂ (ਨੀਵਾਣਾਂ) ਵਿਚ ਲੈ ਆਂਦਾ। ਅਜ ਉਹ ਦਿਨ ਸੁਪਨਾ ਹੋ ਗਏ। ਮੈਂ ਚਤੁਰ ਕੌਰ ਦੀ ਚਤੁਰ ਕੌਰ ਹੀ ਰਹਿ ਗਈ। ਅੰਮ੍ਰਿਤ ਛਕ ਕੇ ਮੇਰਾ ਨਾਮ ਸੁਘੜ ਕੌਰ ਹੋ ਗਿਆ ਸੀ, ਪਰ ਸਹੁਰਿਆਂ ਨੇ ਇਹ ਨਾਮ ਪਸੰਦ ਨਾ ਕੀਤਾ। ਪੁਰਾਣਾ ਮਿਰਤਕ ਨਾਮ ਹੀ ਮੈਨੂੰ ਚਿਮੜਿਆ ਰਿਹਾ, ਜਿਸ ਮਿਰਤਕ ਨਾਮ ਦੇ ਨਾਲ ਹੀ ਮੇਰੀ ਸਿਖੀ ਸਪਿਰਟ-ਕਲਾ ਨੀਮ-ਮੁਰਦਾ ਹੋ ਗਈ। "ਮਨ ਹਰਾਮੀ ਹੁੱਜਤਾਂ ਢੇਰ" ਦੇ ਮਾਅਕੂਲੇ (ਅਖਾਣ) ਅਨੁਸਾਰ ਮੈਨੂੰ ਉਸ ਪਿਆਰੀ ਦਸਤਾਰ ਤੋਂ ਭੀ ਤਰਕ ਕੁਤਰਕ ਫੁਰਨ ਲਗ ਪਈ ਜੋ ਮੈਨੂੰ ਪ੍ਰਾਣਾਂ ਤੋਂ ਵਧ ਪਿਆਰੀ ਸੀ। ਸਚਮੁਚ ਸਿਖ ਭੁਝੰਗਣਾਂ ਨੂੰ ਦਸਤਾਰ ਦੀ ਰਹਿਤ ਤੋਂ ਗਿਰਾਉਣ ਵਾਲੇ ਉਨ੍ਹਾਂ ਦੇ ਮਾਪਿਆਂ ਦੇ ਸਹੇੜੂ ਹੀ ਹਨ। ਪਰ ਸੱਚ ਪੁਛੋ ਤਾਂ ਤਿਆਰ ਬਰ ਤਿਆਰ ਰਹਿਤਵਾਨ ਸਿੰਘ ਭੁਝੰਗੀਆਂ ਦਾ ਅੱਜ ਕਲ੍ਹ ਕਾਲ ਪੈ ਰਿਹਾ ਹੈ, ਲਭਦੇ ਹੀ ਨਹੀਂ।

ਸੁਚੇਤ ਕੌਰ : ਲਭਦੇ ਕਿਉਂ ਨਹੀਂ ? ਲਭਣ ਦੀ ਪਰਵਾਹ ਹੀ ਕਿਸੇ ਨੂੰ ਨਹੀਂ। ਸਹੇੜੂਆਂ ਦੀ ਮੁਖ ਲੱਭ (ਤਲਾਸ਼) ਤਾਂ ਇਹੋ ਹੁੰਦੀ ਹੈ ਕਿ ਵਰ ਘਰ ਦੁਨੀਆਦਾਰੀ ਕਰਕੇ ਅੱਛਾ ਹੋਵੇ। ਸਰਦਾਰੀ ਮਾਇਆ-ਧਾਰੀ ਘਰਾਣਾ ਹੋਵੇ। ਪੜ੍ਹਿਆ ਲਿਖਿਆ ਵਰ ਹੋਵੇ। ਮਾਇਆ ਨਾਗਣੀ ਨਾਲ ਭਰਿਆ ਭਕੁੰਨਿਆ ਘਰ ਹੋਵੇ। ਸਿਖੀ ਅਤੇ ਸਿੱਖੀ ਦੇ ਖ਼ਿਆਲਾਂ ਵਲੋਂ ਭਾਵੇਂ ਸੁੰਨਸਾਨ ਹੋਵੇ। ਸਿਖੀ ਸਿਦਕ ਵਿਚ ਸਰਸ਼ਾਰ ਵਰ ਘਰ ਲਭਣ ਦੀ ਤਾਂ ਓਹਨਾਂ ਦੀ ਤਲਾਸ਼ ਹੀ ਨਹੀਂ ਹੁੰਦੀ। ਪਰ ਨਿਰਾ ਮਾਪਿਆਂ ਦਾ ਭੀ ਕਸੂਰ ਨਹੀਂ। ਸਿਖ ਭੁਝੰਗਣਾਂ ਜੇ ਤਕੜੀਆਂ ਰਹਿਣ ਅਤੇ ਆਪਣੀ ਰਹਿਤ-ਰਹਿਣੀ ਵਿਖੇ ਡਟੀਆਂ ਰਹਿਣ ਤਾਂ ਕਿਸੇ ਦੀ ਕੀ ਮਜਾਲ ਹੈ ਕਿ ਕੋਈ ਓਹਨਾਂ ਨੂੰ ਦ੍ਰਿੜ੍ਹ ਅਕੀਦੇ ਤੋਂ ਗਿਰਾ ਸਕੇ।

ਚਤੁਰ ਕੌਰ : ਹੈ ਤਾਂ ਠੀਕ, ਪਰ ਸੰਗਤ ਕੁਸੰਗਤ ਦਾ ਪਰਭਾਵ ਭੀ ਪੈ ਜਾਂਦਾ ਹੈ, ਮੈਂ ਜਿਹੀਆਂ ਅੱਲ੍ਹੜ ਯੁਵਤੀਆਂ ਉਪਰ। ਓਹ ਵਿਰਲੀਆਂ ਗੁਰੂ ਦੀਆਂ ਸਿਦਕਵਾਨ ਦਲੇਰ ਭੁਝੰਗਣਾਂ ਹਨ ਜੋ ਨਿਰਭੈ ਹੋ ਕੇ ਗੁਰਮਤਿ ਅਸੂਲਾਂ ਉਤੇ ਦ੍ਰਿੜ੍ਹ ਰਹਿੰਦੀਆਂ ਹਨ। ਐਸੀਆਂ ਮਸਾਲਾਂ ਬਹੁਤ ਵਿਰਲੀਆਂ ਹਨ। ਦਲੇਰ ਕੌਰ ਟਾਵੀਆਂ ਟਾਵੀਆਂ ਹੀ ਹੁੰਦੀਆਂ ਹਨ। ਹਰ ਏਕ ਨੇ ਓਹਨਾਂ ਦੀ ਰੀਸ ਥੋੜੋ ਕਰ ਲੈਣੀ ਹੈ।

ਸੁਚੇਤ ਕੌਰ : ਮਾੜੀ ਰੀਸ ਤਾਂ ਬਥੇਰੀਆਂ ਵਧ ਵਧ ਕੇ ਕਰ ਲੈਂਦੀਆਂ ਹਨ, ਜੈਸਾ ਕਿ ਤੁਸਾਂ ਕੇਸਕੀ (ਦਸਤਾਰ) ਉਤਾਰ ਕੇ ਕਿਰਾੜੀ ਬਣਨ ਦੀ ਰੀਸ ਛੇਤੇ ਵਿਚ ਹੀ ਕਰ ਲਈ। ਥੋੜਾ ਘਣਾ ਕਰੜਾਪਣ ਵਾਲਾ ਦ੍ਰਿੜ੍ਹ ਤੱਤ ਖ਼ਾਲਸਈ ਜਜ਼ਬਾ ਦਿਖਾਉਂਦੇ। ਹੁਣ ਕਿਹੜੀ ਵਿਉਂਤ ਵਿਹਾ ਗਈ ਹੈ। ਅਜੇ ਭੀ ਸਾਵਧਾਨ ਹੋ ਜਾਓ। ਸਤਿਗੁਰ ਤੁਸਾਡਾ ਸਹਾਈ ਹੋਵੇਗਾ।

ਚਤੁਰ ਕੌਰ : ਸਤਿ ਬਚਨ ਭੈਣ ਜੀ ! ਮੇਰਾ ਅਰਦਾਸਾ ਸੁਧਾ ਦਿਓ, ਫੇਰ ਜੋ ਗੁਰੂ ਕਰੇ ਸੋ ਹੋਊ। ਭੈਣ ਜੀ, ਮੈਂ ਇਕ ਹੋਰ ਅਪ੍ਰਾਧ ਭੀ ਕਰਦੀ

ਰਹੀ ਹਾਂ। ਉਹ ਇਹ ਕਿ ਆਪ ਤਾਂ ਗੁਰੂ ਕੀ ਰਹਿਤ ਬਹਿਤ ਤੋਂ ਡਿਗੀ ਹੀ ਸਾਂ, ਹੋਰਨਾਂ ਕਈਆਂ ਬੀਬੀਆਂ ਰਹਿਤਵਾਨਾਂ ਨੂੰ ਭੀ ਮੈਂ ਡੇਗਣ ਦਾ ਕਾਰਨ ਬਣੀ। ਬਹਿਸਾਂ ਕਰਿ ਕਰਿ ਡੇਗਦੀ ਰਹੀ। ਮੇਰਾ ਇਹ ਅਪ੍ਰਾਧ ਭੀ ਬਖਸ਼ਾਓ । ਮੈਂ ਤਾਂ ਹੁਣ ਇਥੋਂ ਤਾਈਂ ਤਤਪਰ ਹੋ ਗਈ ਹਾਂ ਕਿ ਭਾਵੇਂ ਮੇਰਾ ਪਤੀ ਮੈਥੋਂ ਆਕੀ ਹੀ ਹੋ ਜਾਵੇ, ਮੈਂ ਸਿਖੀ ਤੋਂ ਆਕੀ ਨਹੀਂ ਹੋਵਾਂਗੀ। ਤਿਆਰ-ਬਰ-ਤਿਆਰ ਸਜੇਗਾ ਤਾਂ ਉਸ ਨਾਲ ਵਿਹਾਰ ਗ੍ਰਿਹਸਤ ਦਾ ਸੰਜੋਗ ਰੱਖਾਂਗੀ। ਹੁਣ ਮੈਨੂੰ ਤਿਆਰ-ਬਰ-ਤਿਆਰ ਸਜਵਾ ਦਿਓ ।

ਸੁਚੇਤ ਕੌਰ : ਸ਼ਾਬਾਸ਼ ! ਭੈਣ ਤੂੰ ਸਚ ਮੁਚ ਸੁਘੜ ਕੌਰ ਹੀ ਨਿਕਲੀ। ਹੁਣ ਤੋਂ ਏਸੇ ਨਾਮ ਤੇ ਬੋਲਿਆ ਕਰ। ਮਿਰਤਕ ਨਾਮ ਤੇਰਾ ਮੁਰਦਾ ਹੋ ਚੁੱਕਾ ਹੈ। ਮੁਰਦਾ ਲੋਥ-ਨਾਮ ਦੀ ਨਾਲ ਲਈ ਫਿਰਨੀ,ਇਹ ਭੀ ਬੜਾ ਘਾਟੇ ਦਾ ਸੌਦਾ ਹੈ। ਅਗਲੇ ਪੋਹ ਸੁਦੀ ਸਪਤਮੀ ਸਮਾਗਮ ਦੇ ਗੁਰਪੁਰਬ ਸਮੇਂ ਪੰਜਾਂ ਪਿਆਰਿਆਂ ਦੇ ਅੰਮ੍ਰਿਤ-ਸਿੰਚਾਰ ਮੰਡਲ ਵਿਚ ਤੁਹਾਨੂੰ ਪੇਸ਼ ਕੀਤਾ ਜਾਵੇਗਾ। ਉਥੋਂ ਜੋ ਹੁਕਮ ਮਿਲੇਗਾ ਤਿਸ ਪਰ ਤਿਆਰ ਬਰ ਤਿਆਰ ਹੋ ਜਾਓਗੇ ਤਾਂ ਲੋਕ ਸੁਖੀਏ ਅਤੇ ਪਰਲੋਕ ਸੁਹੇਲੇ ਰਹੋਗੇ ।

॥ ਇਤਿ ॥